Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
# ਖੇਤੀ ਦੁਨੀਆਂ
Postage Regd. No . PB/PTA/0338/2025-2027
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ

Editor : Jagpreet Singh ● RNI/PUNPUN00806 ● Issue Dated 14-06-2025 ● Vol.43 No.24 ● Ph. : 0175-2214575, 90410-14575 ● Page : 16 | E-mail : khetiduniyan1983@gmail.com



## ਝੋਨੇ ਦੀਆਂ ਕਾਰਗਰ ਕਿਸਮਾਂ ਬੀਜੋ

ਪੰਜਾਬ ਵਿਚ ਝੋਨੇ ਅਧੀਨ ਸਿਰਫ 39 ਲੱਖ ਹੈਕਟੇਅਰ ਰਕਬਾ ਸੀ, ਜੋ ਕਿ ਸਾਲ 2023-24 ਵਿਚ ਲਗਭਗ 31.79 ਲੱਖ ਹੈਕਟੇਅਰ ਤੱਕ ਵੱਧ ਗਿਆ। ਇਸ ਦਾ ਔਸਤ ਝਾੜ 27.7 ਤੋਂ 67.4 ਕੁਇੰਟਲ ਲੱਖ ਹੈਕਟੇਅਰ ਤੱਕ ਅਤੇ ਪੈਦਾਵਾਰ 10.32 ਤੋਂ 214.3 ਲੱਖ ਟਨ ਤੱਕ ਪਹੁੰਚ ਗਈ। ਨਾਲ ਹੀ ਟਿਊਬਵੈੱਲਾਂ ਦੀ ਗਿਣਤੀ 1.92 ਤੋਂ 15.29 ਲੱਖ ਤੱਕ ਵਧ ਗਈ। ਸਿੱਟੇ ਵਜੋਂ ਪੰਜਾਬ ਦੇ ਕੁਦਰਤੀ ਸੋਮਿਆਂ ਖਾਸ ਕਰ ਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਹੁਤ ਨੁਕਸਾਨ ਪਹੁੰਚਿਆ ਜਿਸ ਨਾਲ ਨਿਪਟਣ ਲਈ ਝੋਨੇ ਦੀਆਂ ਘੱਟ ਸਮੇਂ ਵਾਲੀਆਂ ਕਿਸਮਾਂ ਦੀ ਖੋਜ ਦੇ ਨਾਲ-ਨਾਲ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਜਿਵੇਂ ਲੇਜ਼ਰ ਕਰਾਹੇ ਨਾਲ ਜ਼ਮੀਨ ਪੱਧਰੀ ਕਰਨਾ, ਤਰ-ਵੱਤਰ ਸਿੱਧੀ ਬਿਜਾਈ, ਵੱਟਾਂ ਉੱਪਰ ਲੁਆਈ, ਸੁਕਾ-ਸੁਕਾ ਕੇ ਪਾਣੀ ਲਾਉਣਾ, ਲੁਆਈ ਢੁੱਕਵੇਂ ਸਮੇਂ ਤੇ ਕਰਨਾ ਆਦਿ ਵਿਕਸਿਤ ਕੀਤੀਆਂ ਗਈਆਂ।

ਰਾਜ ਸਰਕਾਰ ਵੱਲੋਂ ਇਕ ਖਾਸ ਮਿਤੀ ਤੋਂ ਬਾਅਦ ਹੀ ਝੋਨੇ ਦੀ ਲਵਾਈ ਕਰਨ ਨੂੰ ਯਕੀਨੀ ਬਣਾਉਣ ਲਈ ਲਈ ਸਾਲ 2009 ਵਿਚ ਇਕ ਐਕਟ ਵੀ ਪਾਸ ਕੀਤਾ ਗਿਆ। ਫਿਰ ਵੀ ਪਾਣੀ ਦੇ ਹੇਠਾਂ ਜਾਣ ਦੀ ਰਫਤਾਰ 'ਤੇ ਪੂਰੀ ਤਰ੍ਹਾਂ ਰੋਕ ਨਹੀਂ ਲੱਗ ਸਕੀ।

### ਸਭ ਤੋਂ ਪ੍ਰਚੌਲਿਤ ਕਿਸਮਾਂ

ਪਰਮਲ ਝੋਨੇ ਦੀਆਂ ਸਭ ਤੋਂ ਪ੍ਰਚੱਲਿਤ ਕਿਸਮਾਂ ਪੀ ਆਰ 126 ਅਤੇ ਪੀ ਆਰ 131 ਰਹੀਆਂ ਜਿਨ੍ਹਾਂ ਹੇਠ ਕ੍ਰਮਵਾਰ 42.7 ਅਤੇ 19.4 ਫੀਸਦੀ ਰਕਬਾ ਸੀ। ਪਰ ਹਾਲੇ ਵੀ ਸ੍ਰੀ ਮੁਕਤਸਰ ਸਾਹਿਬ, ਸੰਗਰੂਰ ਤੇ ਮੋਗਾ ਜ਼ਿਲ੍ਹਿਆਂ 'ਚ ਝੋਨੇ ਦਾ ਕ੍ਰਮਵਾਰ 36,32 ਅਤੇ 26 ਫੀਸਦੀ ਦੇ ਲਗਭਗ ਰਕਬਾ ਲੰਬੇ ਸਮਾਂ ਲੈਣ ਵਾਲੀਆਂ ਕਿਸਮਾਂ ਹੇਠ ਹੈ ਜਿਸ ਦਾ ਧਰਤੀ ਹੇਠਲੇ ਪਾਣੀ ਦੇ ਪੱਧਰ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਬੋਰ ਹੋਰ ਡੂੰਘੇ ਕਰਨ ਲਈ ਕਿਸਾਨਾਂ ਨੂੰ ਵਾਧੂ ਖਰਚਿਆਂ ਦਾ ਭਾਰ ਵੀ ਝੱਲਣਾ ਪੈਂਦਾ ਹੈ। ਸਿਰਫ ਵੱਧ ਝਾੜ ਲੈਣ ਲਈ ਲੰਬੇ ਸਮਾਂ ਲੈਣ ਵਾਲੀਆਂ ਕਿਸਮਾਂ ਬੀਜਣ ਵਾਲੇ ਕਿਸਾਨ ਇਹ ਭੁੱਲ ਜਾਂਦੇ ਹਨ ਕਿ ਇਨ੍ਹਾਂ ਕਿਸਮਾਂ



ਨੂੰ ਜ਼ਿਆਦਾ ਪਾਣੀ, ਖਾਦਾਂ, ਕੀਟਨਾਸ਼ਕਾਂ ਤੇ ਲੇਬਰ ਦੀ ਜ਼ਰੂਰਤ ਪੈਂਦੀ ਹੈ। ਪਰਾਲੀ ਜ਼ਿਆਦਾ ਹੋਣ ਕਰਕੇ ਇਸ ਨੂੰ ਸੰਭਾਲਣ ਦੇ ਖਰਚੇ ਵੀ ਵੱਧ ਜਾਂਦੇ ਹਨ। ਇਸ ਕਰ ਕੇ ਇਨ੍ਹਾਂ ਕਿਸਮਾਂ ਤੋਂ ਮੁਨਾਫਾ ਕਾਫੀ ਘੱਟ ਜਾਂਦਾ ਹੈ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦਾ ਝਾੜ ਲੰਬੇ ਸਮਾਂ ਲੈਣ ਵਾਲੀਆਂ ਕਿਸਮਾਂ ਨਾਲੋਂ ਥੋੜ੍ਹਾ ਘੱਟ ਹੋਣ ਦੇ ਬਾਵਜੂਦ ਇਨ੍ਹਾਂ ਤੋਂ ਹੋਣ ਦੇ ਬਾਵਜੂਦ ਇਨ੍ਹਾਂ ਤੋਂ ਹੋਣ ਵਾਲੀ ਨਿਰੋਲ ਆਮਦਨ ਲੰਮੇਂ ਸਮੇਂ ਵਾਲੀਆਂ ਕਿਸਮਾਂ ਦੇ ਲਗਭਗ ਬਰਾਬਰ ਹੀ ਹੋ ਜਾਂਦੀ ਹੈ।

ਘੱਟ ਸਮੇਂ ਲੈਣ ਵਾਲੀਆਂ ਕਿਸਮਾਂ ਨਾਲ ਤਿੰਨ ਫਸਲਾਂ ਲਈਆਂ ਜਾ ਸਕਦੀਆਂ ਹਨ। ਜਿਵੇਂ ਸੱਠੀ ਮੂੰਗੀ ਨੂੰ ਤੀਜੀ ਫਸਲ ਦੇ ਤੌਰ 'ਤੇ ਬੀਜ ਕੇ ਆਮਦਨ ਵੀ ਵਧੇਗੀ ਤੇ ਜ਼ਮੀਨ ਦੀ ਸਿਹਤ ਦੀ ਸੁਧਰੇਗੀ। ਕਣਕ ਦੀ ਬਿਜਾਈ ਸਮੇਂ ਸਿਰ ਹੋਣ ਨਾਲ ਇਸ ਦਾ ਝਾੜ ਵੀ ਵਧੀਆ ਨਿਕਲਦਾ ਹੈ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਬਜਾਏ ਘੱਟ ਸਮੇਂ ਵਾਲੀਆਂ ਕਿਸਮਾਂ ਦੀ ਕਾਸ਼ਤ ਹੀ ਕਰਨੀ ਚਾਹੀਦੀ ਹੈ।

### ਘੱਟ ਸਮੇਂ 'ਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ

ਪੀ. ਏ. ਯੂ. ਵੱਲੋਂ ਘੱਟ ਸਮੇਂ 'ਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ। ਕਿਸਾਨਾਂ ਵੱਲੋਂ ਘੱਟ ਅਤੇ ਦਰਮਿਆਨੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਨੂੰ ਤਰਜੀਹ ਦੇਣ ਦੇ ਸਿੱਟੇ ਵਜੋਂ ਸਾਲ 2024-25 'ਚ ਇਨ੍ਹਾਂ ਕਿਸਮਾਂ ਹੇਠ 90.5 ਫੀਸਦੀ ਰਕਬਾ ਸੀ ਜਿਸ ਵਿਚ ਲਗਭਗ 75 ਫੀਸਦੀ ਰਕਬਾ ਪੀ.ਏ.ਯੂ. ਦੁਆਰਾ ਵਿਕਸਿਤ ਕਿਸਮਾਂ ਦਾ ਸੀ। ਇਨ੍ਹਾਂ ਕਿਸਮਾਂ ਦਾ ਝਾੜ ਲੰਬੇ ਸਮੇਂ ਵਾਲੀਆਂ ਕਿਸਮਾਂ ਦੇ ਲਗਭਗ ਬਰਾਬਰ ਹੈ ਤੇ ਇਨ੍ਹਾਂ ਦੀ ਕਾਸ਼ਤ 'ਤੇ ਖਰਚਾ ਵੀ ਘੱਟ ਆਉਂਦਾ ਹੈ। ਪਿਛਲੇ ਕਈ ਸਾਲਾਂ ਤੋਂ ਝੋਨੇ ਦੀਆਂ ਲੰਬੇ ਸਮੇਂ 'ਚ ਪੱਕਣ ਤੇ ਪਾਣੀ ਦੀ ਵਧੇਰੇ ਖਪਤ ਕਰਨ ਵਾਲੀਆਂ ਕਿਸਮਾਂ (ਜਿਵੇਂ ਕਿ ਪੂਸਾ 44 ਕਿਸਮ) ਹੇਠੋਂ ਰਕਬਾ ਲਗਾਤਾਰ ਘਟਦਾ ਜਾ ਰਿਹਾ ਹੈ। ਖੇਤੀ ਪਸਾਰ ਮਾਹਿਰਾਂ ਦੁਆਰਾ ਕਿਸਾਨਾਂ ਨੂੰ ਪਾਣੀ ਦੀ ਸੰਭਾਲ ਲਈ ਚੇਤੰਨ ਕਰਨ ਦੀਆਂ ਸਫਲ ਕੋਸ਼ਿਸ਼ਾਂ ਸਦਕਾ ਝੋਨੇ ਦੀ ਲੰਬਾ ਸਮਾਂ ਲੈਣ ਵਾਲੀ ਪੂਸਾ 44 ਕਿਸਮ ਦਾ ਰਕਬਾ 2013-14 'ਚ 45.6 ਫੀਸਦੀ ਤੋਂ ਘੱਟ ਕੇ 2024-25 'ਚ 5.5 ਫੀਸਦੀ 'ਤੇ ਆ ਗਿਆ ਹੈ।

- ਰਾਜ ਕੁਮਾਰ

## ਉੱਤਰ-ਪੱਛਮੀ ਭਾਰਤ 'ਚ 25 ਜੂਨ ਤੱਕ ਪੁੱਜੇਗਾ ਮੌਨਸੂਨ

ਭਾਰਤੀ ਮੌਸਮ ਵਿਭਾਗ ਨੇ ਕਿਹਾ ਕਿ ਦੱਖਣ-ਪੱਛਮੀ ਮੌਨਸੂਨ ਨੇ ਇਸ ਹਫ਼ਤੇ ਮੁੜ ਗਤੀ ਫੜ ਲਈ ਹੈ ਅਤੇ ਇਹ 25 ਜੂਨ ਤੱਕ ਦਿੱਲੀ ਸਮੇਤ ਉੱਤਰ-ਪੱਛਮੀ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪਹੁੰਚ ਸਕਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਹ ਆਮ ਨਾਲੋਂ ਬਹੁਤ ਪਹਿਲਾਂ ਹੋਵੇਗਾ। ਮੌਨਸੂਨ 24 ਮਈ ਨੂੰ ਕੇਰਲਾ ਪਹੁੰਚਿਆ ਸੀ। ਅਗਲੇ ਕੁੱਝ ਦਿਨਾਂ ਵਿੱਚ ਇਹ ਤੇਜ਼ੀ ਨਾਲ ਵਧਿਆ ਅਤੇ 29 ਮਈ ਤੱਕ ਮੁੰਬਈ ਸਮੇਤ ਕੇਂਦਰੀ ਮਹਾਰਾਸ਼ਟਰ ਦੇ ਕੁਝ ਹਿੱਸਿਆਂ ਅਤੇ ਪੂਰੇ



ਉੱਤਰ-ਪੂਰਬ ਵਿੱਚ ਪਹੁੰਚ ਗਿਆ। ਹਾਲਾਂਕਿ 28-29 ਮਈ ਤੋਂ 10-11 ਜੂਨ ਤੱਕ ਇਹ ਰੁੱਕ ਗਿਆ ਅਤੇ ਹੁਣ ਇਹ ਮੁੜ ਸਰਗਰਮ ਹੋ ਗਿਆ ਹੈ। ਜੂਨ ਦੇ ਸ਼ੁਰੂ ਤੋਂ ਮੀਂਹ ਘੱਟ ਪੈਣ ਕਾਰਨ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਹੋਇਆ, ਜਿਸ ਕਰਕੇ 8-9 ਜੂਨ ਤੱਕ ਉੱਤਰ-ਪੱਛਮੀ ਅਤੇ ਮੱਧ ਭਾਰਤ ਦੇ ਵੱਡੇ ਹਿੱਸਿਆਂ ਵਿੱਚ ਅਤਿ ਦੀ ਗਰਮੀ ਹੋ ਗਈ ਹੈ। ਆਈਐੱਮਡੀ ਅਨੁਸਾਰ ਮੌਨਸੂਨ ਹੁਣ 18 ਜੂਨ ਤੱਕ ਮੱਧ ਅਤੇ ਪੂਰਬੀ ਭਾਰਤ ਦੇ ਬਾਕੀ ਹਿੱਸਿਆਂ ਅਤੇ ਉੱਤਰ-ਪੱਛਮੀ ਭਾਰਤ ਦੇ ਕੁਝ ਖੇਤਰਾਂ ਨੂੰ ਕਵਰ ਕਰ ਲਵੇਗਾ। ਇਹ 19 ਜੂਨ ਤੋਂ 25 ਜੂਨ ਵਿਚਾਲੇ ਉੱਤਰ-ਪੱਛਮੀ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪਹੁੰਚਣ ਦੀ ਉਮੀਦ ਹੈ।

### ਪੰਜਾਬ ਤੇ ਹਰਿਆਣਾ ਵਿੱਚ ਆਮ ਨਾਲੋਂ ਘੱਟ ਮੀਂਹ ਦੀ ਸੰਭਾਵਨਾ

ਆਈਐੱਮਡੀ ਅਨੁਸਾਰ ਪੰਜਾਬ, ਹਰਿਆਣਾ, ਕੇਰਲ ਅਤੇ ਤਾਮਿਲਨਾਡੂ ਦੇ ਕੁਝ ਦੂਰ-ਦੁਰਾਡੇ ਇਲਾਕਿਆਂ ਵਿੱਚ ਆਮ ਨਾਲੋਂ ਘੱਟ ਮੀਂਹ ਪੈ ਸਕਦਾ ਹੈ। ਆਈਐੱਮਡੀ ਦੇ ਅਧਿਕਾਰੀ ਨੇ ਕਿਹਾ ਕਿ ਮੌਨਸੂਨ 22-23 ਜੂਨ ਤੱਕ ਦਿੱਲੀ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਕੇਰਲਾ ਜਾਂ ਮੁੰਬਈ ਵਿੱਚ ਮੌਨਸੂਨ ਦਾ ਜਲਦੀ ਜਾਂ ਦੇਰੀ ਨਾਲ ਆਉਣ ਤੇ ਜ਼ਰੂਰੀ ਨਹੀਂ ਕਿ ਇਹ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਵੀ ਇਸੇ ਤਰ੍ਹਾਂ ਆਵੇ।

BEW
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ

● ਲੋਨ ਉਪਲੱਬਧ
● ਸਬਸਿਡੀ ਉਪਲੱਬਧ
● ਬੁਕਿੰਗ ਸ਼ੁਰੂ
● ਪਾਊਡਰ ਕੋਟਿੰਗ ਪੇਂਟ
● ਪੇਟੈਂਟ ਡਿਜ਼ਾਇਨ
TOLL FREE NUMBER 1800-120-004455
● KS AGROTECH PVT. LTD.
● BHAGWAN ENGINNERING WORKS
● KS POWERTECH PVT. LTD.
● KS FARM CORPORATION PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਸਾਉਣੀ ਰੁੱਤ ਦੀ ਮੱਕੀ ਵਿੱਚ ਸਰਬਪੱਖੀ ਕੀਟ ਪ੍ਰਬੰਧਨ ਲਈ ਜ਼ਰੂਰੀ ਨੁਕਤੇ

ਗੁਰਮੇਲ ਸਿੰਘ ਸੰਧੂ ਅਤੇ
ਸਿਮਰਨਜੀਤ ਕੌਰ,
ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ
(ਮੋ. 81462-60400)

ਸਾਉਣੀ ਰੁੱਤ ਵਿੱਚ ਫ਼ਸਲੀ ਵਿਭਿੰਨਤਾ ਲਿਆਉਣ ਲਈ ਮੱਕੀ ਇੱਕ ਮਹੱਤਵਪੂਰਨ ਫ਼ਸਲ ਹੈ। ਇਸ ਫ਼ਸਲ ਤੋਂ ਵਧੇਰੇ ਝਾੜ ਪ੍ਰਾਪਤ ਕਰਨ ਲਈ ਸਿਫਾਰਿਸ਼ ਉਤਪਾਦਨ ਤਕਨੀਕਾਂ ਨੂੰ ਅਪਣਾਉਣ ਤੋਂ ਇਲਾਵਾ ਕੀੜੇ-ਮਕੌੜਿਆਂ ਦੀ ਸਮੇਂ ਸਿਰ ਢੁੱਕਵੀਂ ਰੋਕਥਾਮ ਬਹੁਤ ਜ਼ਰੂਰੀ ਹੈ। ਸਾਉਣੀ ਰੁੱਤ ਦੀ ਮੱਕੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਵਿੱਚੋਂ ਸਭ ਤੋਂ ਹਾਨੀਕਾਰਕ ਫਾਲ ਆਰਮੀਵਰਮ ਅਤੇ ਮੱਕੀ ਦਾ ਗੜੂੰਆਂ ਹੈ। ਇਸ ਤੋਂ ਇਲਾਵਾ ਕੁਝ ਹੋਰ ਕੀੜੇ ਜਿਵੇਂ ਕਿ ਭੱਬੂ ਕੁੱਤਾ, ਸੈਨਿਕ ਸੁੰਡੀ, ਵਾਲਾਂ ਨੂੰ ਕੱਟਣ ਵਾਲੀ ਸੁੰਡੀ, ਤੇਲਾ ਆਦਿ ਵੀ ਕਈ ਵਾਰ ਫ਼ਸਲ ਦਾ ਨੁਕਸਾਨ ਕਰਦੇ ਹਨ, ਜਿਨ੍ਹਾਂ ਦੀ ਸਰਬਪੱਖੀ ਰੋਕਥਾਮ ਲਈ ਲੋੜੀਂਦੀ ਜਾਣਕਾਰੀ ਇਸ ਤਰ੍ਹਾਂ ਹੈ :-

**ਫਾਲ ਆਰਮੀਵਰਮ** : ਇਹ ਕੀੜਾ ਸਾਉਣੀ ਰੁੱਤ ਦੀ ਮੱਕੀ ਵਿੱਚ ਗੰਭੀਰ



ਹਮਲਾ ਕਰਦਾ ਹੈ ਅਤੇ ਫ਼ਸਲ ਦਾ ਕਾਫ਼ੀ ਨੁਕਸਾਨ ਕਰ ਜਾਂਦਾ ਹੈ। ਇਸ ਸੁੰਡੀ ਦੀ ਪਹਿਚਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ। ਇਸ ਕੀੜੇ ਦੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਹਨ :-

★ ਮੱਕੀ ਦੀ ਬਿਜਾਈ ਸਿਫਾਰਿਸ਼ ਸਮੇਂ ਅਨੁਸਾਰ ਕਰੋ ਅਤੇ ਨਾਲ ਲੱਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫ਼ੇ 'ਤੇ ਨਾ ਕਰੋ ਤਾਂ ਜੋ ਕੀੜੇ ਦਾ ਫੈਲਾਅ ਘਟਾਇਆ ਜਾ ਸਕੇ।

★ ਖੇਤਾਂ ਦਾ ਸਰਵੇਖਣ ਲਗਾਤਾਰ ਕਰੋ ਅਤੇ ਪੱਤਿਆਂ 'ਤੇ ਦਿੱਤੇ ਕੀੜੇ ਦੇ ਆਂਡਿਆਂ ਨੂੰ ਨਸ਼ਟ ਕਰ ਦਿਉ। ਆਂਡਿਆਂ ਦੇ ਝੁੰਡ ਲੂਈਂ ਨਾਲ ਢੱਕੇ ਹੁੰਦੇ ਹਨ ਅਤੇ ਆਸਾਨੀ ਨਾਲ ਦਿਖ ਜਾਂਦੇ ਹਨ।

★ ਲੋੜ ਪੈਣ 'ਤੇ 0.5 ਮਿਲੀਲੀਟਰ ਡੈਲੀਗੇਟ 11.7 ਐਸ. ਸੀ. (ਸਪਾਈਨਟੋਰਮ) ਜਾਂ 0.4 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ 0.4 ਮਿਜ਼ਾਈਲ 5 ਐਸ. ਜੀ. (ਐਮਾਮੈਕਟਿਨ ਬੈਂਜੋਏਟ) ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲੀਟਰ ਪਾਣੀ ਪ੍ਰਤੀ ਏਕੜ ਵਰਤੋ, ਜਦੋਂਕਿ ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲੀਟਰ ਪ੍ਰਤੀ ਏਕੜ ਤੱਕ ਵਧਾਓ। ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਓ।

★ ਇਸ ਕੀੜੇ ਦੀ ਢੁੱਕਵੀਂ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਬਹੁਤ ਜ਼ਰੂਰੀ ਹੈ।

★ ਹਮਲੇ ਵਾਲੀ ਫ਼ਸਲ ਜੇਕਰ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਜਾਂ ਹਮਲਾ ਧੌੜੀਆਂ ਵਿੱਚ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਇਸ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ. ਸੀ. (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐਸ. ਜੀ. (ਐਮਾਮੈਕਟਿਨ ਬੈਂਜ਼ੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ. ਜੀ. (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਜਾਂ 25 ਮਿਲੀਲੀਟਰ ਡਾਈਪਲ 8 ਐਲ. (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ 10 ਮਿਲੀਲੀਟਰ ਪਾਣੀ ਵਿੱਚ ਘੋਲ ਕੇ 1 ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ। ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਹਿਨੇ ਹੋਣ।

**ਮੱਕੀ ਦਾ ਗੜੂੰਆਂ** : ਅਗੇਤੀ ਬੀਜੀ ਮੱਕੀ 'ਤੇ ਗੜੂੰਏਂ ਦਾ ਹਮਲਾ ਜ਼ਿਆਦਾ ਹੁੰਦਾ ਹੈ। ਇਸ ਕੀੜੇ ਦਾ ਹਮਲਾ ਧੌੜੀਆਂ ਵਿੱਚ ਹੁੰਦਾ ਹੈ। ਇਸ ਦੀਆਂ ਸੁੰਡੀਆਂ ਆਂਡਿਆਂ ਵਿੱਚੋਂ ਨਿਕਲਦਿਆਂ ਸਾਰ ਹੀ ਪੱਤਿਆਂ ਨੂੰ ਖਰੋਚ ਕੇ ਖਾਣਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਫੇਰ ਗੋਭ ਰਾਹੀਂ ਤਣੇ ਵਿੱਚ ਵੜ ਜਾਂਦੀਆਂ ਹਨ। ਹਮਲੇ ਵਾਲੇ ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਸੁੱਕੀ ਗੋਭ ਵਾਲੇ ਬੂਟੇ ਕਈ ਵਾਰ ਫੁੱਟ ਪੈਂਦੇ ਹਨ, ਪਰ ਇਨ੍ਹਾਂ ਨੂੰ ਕੋਈ ਛੱਲੀ ਨਹੀਂ ਪੈਂਦੀ। ਇਸ ਕੀੜੇ ਦੀ ਰੋਕਥਾਮ ਲਈ ਹੇਠਾਂ ਦੱਸਿਆ ਸਰਬਪੱਖੀ ਪ੍ਰਬੰਧਨ ਅਪਣਾਓ :

★ ਬਿਜਾਈ ਸਿਫਾਰਿਸ਼ ਸਮੇਂ ਦੌਰਾਨ ਹੀ ਕਰੋ।

★ ਗੋਡੀ ਕਰਦੇ ਸਮੇਂ ਗੜੂੰਏਂ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਅ ਕਰ ਦਿਉ।

★ ਇਸ ਦੀ ਰੋਕਥਾਮ ਲਈ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ ਵਰਤੋ। ਇਹ ਆਂਡੇ ਗੂੰਦ ਨਾਲ ਟਰਾਈਕੋਕਾਰਡਾਂ ਉਪਰ ਚਿਪਾਏ ਹੋਏ ਹੁੰਦੇ ਹਨ। ਟਰਾਈਕੋਕਾਰਡ ਨੂੰ ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਅਤੇ ਦੂਜੀ ਵਾਰ ਇੱਕ ਹਫਤੇ ਬਾਅਦ ਵਰਤੋ। ਇਨ੍ਹਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿੱਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉਪਰ 1000 ਆਂਡੇ ਹੋਣ ਅਤੇ ਕੱਟੇ ਹੋਏ ਹਿੱਸਿਆਂ ਨੂੰ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਸ਼ਾਮ ਦੇ ਸਮੇਂ ਖੇਤ ਵਿੱਚ ਇਕਸਾਰ ਦੂਰੀ 'ਤੇ ਪਿੰਨ ਨਾਲ ਨੱਥੀ ਕਰੋ। ਇਹ ਕਾਰਡ ਮੀਂਹ ਵਾਲੇ ਦਿਨ ਨਹੀਂ ਵਰਤਣੇ ਚਾਹੀਦੇ।

★ ਬਿਜਾਈ ਤੋਂ 2-3 ਹਫਤੇ ਪਿੱਛੋਂ ਜਾਂ ਜਿਸ ਵੇਲੇ ਪੱਤਿਆਂ ਉਪਰ ਇਸ ਕੀੜੇ ਦਾ ਹਮਲਾ ਦਿਸੇ ਤਾਂ 30 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਨੂੰ 60 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਨੈਪਸੈਕ ਪੰਪ ਨਾਲ ਛਿੜਕੋ।

★ ਮੱਕੀ ਦੇ ਮੁੱਢਾਂ, ਟਾਂਡਿਆਂ ਅਤੇ ਗੁੱਲਾਂ ਵਿੱਚ ਲੁਕੇ ਹੋਏ, ਗੜੂੰਏਂ ਦੀਆਂ ਸੁੰਡੀਆਂ ਮਾਰਨ ਲਈ ਮੱਕੀ ਵੱਢਣ ਤੋਂ ਤੁਰੰਤ ਬਾਅਦ



ਖੇਤ ਨੂੰ ਵਾਹ ਦਿਉ ਅਤੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਉ।

**ਸੈਨਿਕ ਸੁੰਡੀ** : ਇਹ ਸੁੰਡੀ ਵੀ ਪੱਤਿਆਂ ਨੂੰ ਖਾਂਦੀ ਹੈ, ਪਰ ਇਹ ਗੜੂੰਏਂ ਵਾਂਗ ਪੱਤੇ ਵਿੱਚ ਮੋਰੀਆਂ ਨਹੀਂ ਕੱਢਦੀ, ਸਗੋਂ ਇਹ ਕਿਨਾਰਿਆਂ ਤੋਂ ਅੰਦਰ ਵੱਲ ਨੂੰ ਖਾਂਦੀ ਹੈ। ਕਈ ਵਾਰ ਇਹ ਕੀੜਾ ਹਰੀ ਛੱਲੀ 'ਤੇ ਵੀ ਹਮਲਾ ਕਰਦਾ ਹੈ। ਲੋੜ ਪੈਣ 'ਤੇ ਇਸ ਕੀੜੇ ਦੀ ਰੋਕਥਾਮ ਲਈ ਮੱਕੀ ਦੇ ਗੜੂੰਏਂ ਲਈ ਸਿਫਾਰਿਸ਼ ਕੀਟਨਾਸ਼ਕ ਦੀ ਵਰਤੋਂ ਕਰੋ।

**ਵਾਲਾਂ ਨੂੰ ਕੱਟਣ ਵਾਲੀ ਸੁੰਡੀ (ਅਮਰੀਕਨ ਸੁੰਡੀ)** : ਜੱਤਲ ਸੁੰਡੀ, ਸੈਨਿਕ ਕੀੜਾ ਅਤੇ ਹੋਰ ਸੁੰਡੀਆਂ, ਹਰੀ ਛੱਲੀ ਦੇ ਵਾਲਾਂ ਨੂੰ ਕੱਟਦੀਆਂ, ਪਰ ਜ਼ਿਆਦਾ ਨੁਕਸਾਨ ਅਮਰੀਕਨ ਸੁੰਡੀ ਕਰਦੀ ਹੈ। ਕਿਸੇ-ਕਿਸੇ ਸਾਲ ਕੁਝ ਖੇਤਰਾਂ ਵਿੱਚ ਮੱਕੀ ਉਪਰ ਇਸ ਦਾ ਕਾਫ਼ੀ ਹਮਲਾ ਨਜ਼ਰ ਆਉਂਦਾ ਹੈ। ਛੋਟੀਆਂ ਸੁੰਡੀਆਂ ਬਾਬੂ ਝੰਡਿਆਂ ਅਤੇ ਛੱਲੀ ਦੇ ਵਾਲਾਂ ਨੂੰ ਖਾਣ ਤੋਂ ਬਾਅਦ ਛੱਲੀਆਂ ਵਿੱਚ ਪੱਕ ਰਹੇ



ਦਾਣਿਆਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਪੱਕੀਆਂ ਛੱਲੀਆਂ ਉਪਰ ਨੁਕਸਾਨ ਘੱਟ ਹੁੰਦਾ ਹੈ, ਪਰ ਸੁੰਡੀਆਂ ਛੱਲੀਆਂ ਉੱਪਰ ਆਪਣਾ ਮਲ-ਮੂਤਰ ਛੱਡ ਦਿੰਦੀਆਂ ਹਨ, ਜਿਸ ਕਾਰਨ ਹਰੀਆਂ ਛੱਲੀਆਂ ਦਾ ਮੰਡੀ ਵਿੱਚ ਘੱਟ ਮੁੱਲ ਮਿਲਦਾ ਹੈ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਮੱਕੀ ਦੇ ਗੜੂੰਏਂ ਦੀ ਰੋਕਥਾਮ ਲਈ ਸਿਫਾਰਿਸ਼ ਕੀਟਨਾਸ਼ਕ ਦੀ ਵਰਤੋਂ ਕਰੋ।

**ਭੱਬੂ ਕੁੱਤਾ (ਜੱਤਲ ਸੁੰਡੀ)** : ਕਦੇ-ਕਦੇ ਜੇਕਰ ਇਸ ਕੀੜੇ ਦੀ ਗਿਣਤੀ ਬਹੁਤ ਵੱਧ ਜਾਵੇ ਤਾਂ ਇਹ ਬਹੁਤ ਨੁਕਸਾਨ ਕਰਦਾ ਹੈ। ਵੱਡੀਆਂ ਸੁੰਡੀਆਂ ਇੱਕ ਖੇਤ ਵਿੱਚੋਂ ਦੂਜੇ ਖੇਤ ਵਿੱਚ ਚੱਲੀਆਂ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਹੇਠਾਂ ਦੱਸੇ ਢੰਗ ਹਨ :

★ ਪਤੰਗਿਆਂ ਦੇ ਖਾਤਮੇ ਲਈ ਰੌਸ਼ਨੀ ਯੰਤਰ ਦਾ ਇਸਤੇਮਾਲ ਕਰੋ।

★ ਛੋਟੀਆਂ ਸੁੰਡੀਆਂ ਪੱਤਿਆਂ 'ਤੇ ਝੁੰਡਾਂ ਵਿੱਚ ਮਿਲਦੀਆਂ ਹਨ, ਅਜਿਹੇ ਪੱਤਿਆਂ ਨੂੰ ਸੁੰਡੀਆਂ ਸਮੇਤ ਤੋੜ ਕੇ ਨਸ਼ਟ ਕਰ ਦਿਉ।

★ ਵੱਡੇ ਸੁੰਡ ਪੈਰਾਂ ਹੇਠਾਂ ਮਸਲ ਕੇ ਜਾਂ ਇਕੱਠੇ ਕਰਕੇ ਮਿੱਟੀ ਦੇ ਤੇਲ ਵਾਲੇ ਪਾਣੀ ਵਿੱਚ ਪਾ ਕੇ ਮਾਰੇ ਜਾ ਸਕਦੇ ਹਨ। ਇਸ ਤੋਂ ਇਲਾਵਾ ਜੇਕਰ ਕੋਈ ਮੁਸ਼ਕਿਲ ਆਵੇ ਤਾਂ ਖੇਤੀ ਮਾਹਿਰਾਂ ਦੀ ਰਾਇ ਜ਼ਰੂਰ ਲੈਣੀ ਚਾਹੀਦੀ ਹੈ।

# ਭਿੰਡੀ ਦੀ ਸਫਲ ਕਾਸ਼ਤ ਲਈ ਮਹੱਤਵਪੂਰਨ ਨੁਕਤੇ

**ਭਿੰਡੀ ਗਰਮੀ ਦੇ ਮੌਸਮ ਦੀ ਇੱਕ ਲਾਭਦਾਇਕ ਫ਼ਸਲ ਹੈ, ਜਿਸ ਦੀ ਚੰਗੀ ਪੈਦਾਵਾਰ ਲਈ ਗਰਮ ਅਤੇ ਨਮੀ ਵਾਲਾ ਮੌਸਮ ਚਾਹੀਦਾ ਹੈ। ਭਿੰਡੀ ਦੇ ਬੀਜ ਨੂੰ ਪੁੰਗਰਣ ਲਈ ਲਗਭਗ 29° ਸੈਂਟੀਗ੍ਰੇਡ ਤਾਪਮਾਨ ਸਭ ਤੋਂ ਢੁੱਕਵਾਂ ਹੈ, ਜਦਕਿ ਤਾਪਮਾਨ 20° ਸੈਂਟੀਗ੍ਰੇਡ ਤੋਂ ਘੱਟ ਨਹੀਂ ਹੋਣਾ ਚਾਹੀਦਾ।**



**ਸੁਧਰੀਆਂ ਕਿਸਮਾਂ :**

**ਪੰਜਾਬ ਸੁਹਾਵਣੀ** : ਇਹ ਇੱਕ ਦਰਮਿਆਨੀ-ਲੰਬੇ ਬੂਟਿਆਂ ਵਾਲੀ ਕਿਸਮ ਹੈ, ਜਿਸ ਦੇ ਪੱਤੇ ਡੂੰਘੇ ਕੱਟ ਵਾਲੇ ਅਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਇਸ ਕਿਸਮ ਦੇ ਫਲ ਦਰਮਿਆਨੇ ਲੰਬੇ, ਕੋਮਲ ਅਤੇ ਪੰਜ-ਧਾਰ ਵਾਲੇ ਹਨ। ਇਹ ਕਿਸਮ ਪੀਲੀਏ (ਵਿਸ਼ਾਣੂ ਰੋਗ) ਪ੍ਰਤੀ ਸਹਿਣਸ਼ੀਲ ਹੈ ਅਤੇ ਪ੍ਰਤੀ ਏਕੜ ਲਗਭਗ 49 ਕੁਇੰਟਲ ਝਾੜ ਦਿੰਦੀ ਹੈ।

**ਪੰਜਾਬ-8** : ਪੰਜਾਬ-8 ਕਿਸਮ ਵੀ ਦਰਮਿਆਨੀ ਉੱਚੀ ਹੈ, ਜਿਸਦੇ ਪੱਤਿਆਂ ਅਤੇ ਤਣਿਆਂ ਉੱਪਰ ਘੱਟ ਵਾਲ ਹੁੰਦੇ ਹਨ। ਇਸ ਕਿਸਮ ਦੇ ਫਲ ਲੰਬੇ, ਪਤਲੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਇਸ ਵਿੱਚ ਤੇਲੇ ਅਤੇ ਚਿਤਕਬਰੀ ਝੂੰਡੀ ਪ੍ਰਤੀ ਦਰਮਿਆਨੀ ਸਹਿਣਸ਼ੀਲਤਾ ਹੈ ਅਤੇ ਡੱਬਾਬੰਦੀ ਅਤੇ ਪ੍ਰੋਸੈਸਿੰਗ ਲਈ ਵੀ ਢੁੱਕਵੀਂ ਹੈ। ਇਸ ਦਾ ਔਸਤਨ ਝਾੜ 55 ਕੁਇੰਟਲ ਪ੍ਰਤੀ ਏਕੜ ਹੈ।

**ਜ਼ਮੀਨ ਦੀ ਚੋਣ** : ਭਿੰਡੀ ਲਗਭਗ ਹਰ ਤਰ੍ਹਾਂ ਦੀ ਮਿੱਟੀ ਵਿੱਚ ਉਗਾਈ ਜਾ ਸਕਦੀ ਹੈ, ਪਰ ਚੰਗੇ ਨਿਕਾਸ ਵਾਲੀ, ਭੁਰਭੁਰੀ, ਹਲਕੀ ਅਤੇ ਰੇਤਲੀ ਮੈਰਾ ਤੋਂ ਮੈਰਾ ਇਸ ਦੀ ਕਾਸ਼ਤ ਲਈ ਸਭ ਤੋਂ ਢੁੱਕਵੀਂ ਹੈ। ਭਿੰਡੀ ਹਲਕਾ ਤੇਜ਼ਾਬੀ ਮਾਦਾ (ਪੀ. ਐਚ. 6.8 ਤੋਂ 6.0) ਸਹਿਣ ਕਰ ਸਕਦੀ ਹੈ।

**ਬੀਜ, ਬਿਜਾਈ ਦਾ ਸਮਾਂ ਅਤੇ ਤਰੀਕਾ** : ਭਿੰਡੀ ਦੀ ਜੂਨ-ਜੁਲਾਈ ਵਿੱਚ ਬਿਜਾਈ ਲਈ 4-6 ਕਿਲੋ ਬੀਜ ਦੀ ਲੋੜ ਹੁੰਦੀ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਪਾਣੀ ਵਿੱਚ ਭਿਉਂ ਕੇ ਰੱਖਣ ਨਾਲ ਬੀਜ ਦੇ ਪੁੰਗਰਨ ਵਿੱਚ ਵਾਧਾ ਹੁੰਦਾ ਹੈ। ਇਸ ਦੀ ਬਿਜਾਈ ਸਮੇਂ ਕਤਾਰਾਂ ਤੋਂ ਕਤਾਰਾਂ ਦੀ ਫਾਸਲਾ 45 ਸੈਂਟੀਮੀਟਰ ਅਤੇ ਪੌਦੇ ਤੋਂ ਪੌਦੇ ਵਿਚਕਾਰ 15 ਸੈਂਟੀਮੀਟਰ ਹੋਣਾ ਚਾਹੀਦਾ ਹੈ।

**ਖਾਦ ਅਤੇ ਨਦੀਨ ਪ੍ਰਬੰਧਨ** : ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਵਧੀਆ ਝਾੜ ਲਈ ਬਿਜਾਈ ਤੋਂ ਪਹਿਲਾਂ 15-20 ਟਨ ਚੰਗੀ ਤਰ੍ਹਾਂ ਗਲੀ-ਸੜੀ ਹੋਈ ਰੂੜੀ ਦੀ ਖਾਦ ਨੂੰ ਖੇਤ ਵਿੱਚ ਪਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ 36 ਕਿਲੋ ਨਾਈਟਰੋਜਨ ਪ੍ਰਤੀ ਏਕੜ ਨੂੰ (80 ਕਿਲੋ ਯੂਰੀਆ) ਦੋ ਭਾਗਾਂ ਵਿੱਚ ਵੰਡ ਕੇ (1/2 ਬਿਜਾਈ ਵੇਲੇ ਅਤੇ 1/2 ਲਗਭਗ 40 ਦਿਨਾਂ ਜਾਂ ਪਹਿਲੀ ਤੁੜਾਈ) ਪਾਉ। ਨਦੀਨਾਂ ਤੋਂ ਰੋਕਥਾਮ ਲਈ ਲਗਭਗ 3-4 ਗੋਡੀਆਂ ਦੀ ਲੋੜ ਹੁੰਦੀ ਹੈ, ਜੋ ਫ਼ਸਲ ਦੇ ਉੱਗਣ ਤੋਂ ਦੋ ਹਫਤਿਆਂ ਬਾਅਦ ਸ਼ੁਰੂ ਕਰਨ ਤੋਂ ਬਾਅਦ 15 ਦਿਨਾਂ ਦੇ ਅੰਤਰਾਲ 'ਤੇ ਕਰਨੀਆਂ ਚਾਹੀਦੀਆਂ ਹਨ। ਨਦੀਨਾਂ ਦੇ ਸਹੀ ਪ੍ਰਬੰਧਨ ਨਾਲ ਫ਼ਸਲ ਦੇ ਵਾਧੇ ਲਈ ਜ਼ਰੂਰੀ ਤੱਤਾਂ ਦਾ ਮੁਕਾਬਲਾ ਘਟਦਾ ਹੈ ਅਤੇ ਵਧੀਆ ਝਾੜ ਮਿਲਦਾ ਹੈ।

**ਸਿੰਚਾਈ** : ਭਿੰਡੀ ਦੀ ਬਿਜਾਈ ਸਹੀ ਵੱਤਰ 'ਤੇ ਕਰੋ। ਇਸ ਤੋਂ ਬਾਅਦ ਬਰਸਾਤੀ ਮੌਸਮ ਦੌਰਾਨ ਸਿੰਚਾਈ ਮੌਸਮ ਅਤੇ ਮਿੱਟੀ ਦੀ ਨਮੀ 'ਤੇ ਨਿਰਭਰ ਕਰਦੀ ਹੈ, ਜਦੋਂਕਿ ਗਰਮੀਆਂ ਵਿੱਚ ਬਿਜਾਈ ਤੋਂ 4-5 ਦਿਨਾਂ ਬਾਅਦ ਪਾਣੀ ਦਿਉ ਅਤੇ ਹਰ 6-7 ਦਿਨਾਂ ਬਾਅਦ ਜਾਰੀ ਰੱਖੋ।

**ਤੁੜਾਈ** : ਤਾਜ਼ੀ ਸਬਜ਼ੀ ਦੇ ਤੌਰ 'ਤੇ ਵਰਤੋਂ ਲਈ ਨਰਮ ਫ਼ਲ (10 ਸੈਂਟੀਮੀਟਰ ਲੰਬਾਈ) ਬਿਜਾਈ ਤੋਂ 45-50 ਦਿਨਾਂ ਬਾਅਦ ਕਿਸਮ ਅਤੇ ਮੌਸਮ ਦੇ ਆਧਾਰ 'ਤੇ ਤੁੜਾਈ ਕਰਨ ਯੋਗ ਹੋ ਜਾਂਦੇ ਹਨ। ਆਮ ਤੌਰ 'ਤੇ 10-12 ਤੁੜਾਈਆਂ ਹੋ ਜਾਂਦੀਆਂ ਹਨ।

**ਕਰਮਵੀਰ ਸਿੰਘ ਗਰਚਾ ਅਤੇ ਮਨਿੰਦਰ ਸਿੰਘ ਬੌਂਸ, ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ (ਹੁਸ਼ਿਆਰਪੁਰ) ਮੋ. 99881-81540)**



# ਝੋਨੇ ਦੀ ਸਿੱਧੀ ਬਿਜਾਈ

## ਪਾਣੀ ਦੀ ਬੱਚਤ ਅਤੇ ਵੱਧ ਕਮਾਈ

ਰਾਜ ਕੁਮਾਰ ਅਤੇ ਗੁਰਪ੍ਰੀਤ ਕੌਰ, ਇਕੋਨੋਮਿਕਸ ਅਤੇ ਸੋਸ਼ਿਆਲੋਜੀ ਵਿਭਾਗ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋ. 81460-96600)

ਪਾਣੀ ਦੀ ਬੱਚਤ ਕਰਨ ਵਾਲੀਆਂ ਬਹੁਤ ਸਾਰੀਆਂ ਤਕਨੀਕਾਂ ਵਿੱਚੋਂ, ਝੋਨੇ ਦੀ ਸਿੱਧੀ ਬਿਜਾਈ ਤਕਨੀਕ ਨਾਲ ਪਾਣੀ ਬਚਾਉਣ ਦੀ ਬਹੁਤ ਸੰਭਾਵਨਾ ਹੈ। ਪੀ. ਏ. ਯੂ. ਦੁਆਰਾ 2010 ਵਿੱਚ ਇਸ ਤਕਨੀਕ ਦੀ ਸਿਫਾਰਿਸ਼ ਕੀਤੀ ਗਈ ਸੀ ਅਤੇ 2020 ਵਿੱਚ 'ਤਰ-ਵੱਤਰ' ਸਿੱਧੀ ਬਿਜਾਈ ਵਜੋਂ ਸੁਧਾਰਿਆ ਗਿਆ ਸੀ। ਇਸ ਵਿਧੀ ਵਿੱਚ ਪਨੀਰੀ ਤਿਆਰ ਕਰਕੇ ਝੋਨੇ ਦੀ ਲੁਆਈ ਨਹੀਂ ਕਰਨੀ ਪੈਂਦੀ, ਸਗੋਂ ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਨਾਲ ਖੇਤ ਵਿੱਚ ਬੀਜ ਦੀ ਸਿੱਧੀ ਬਿਜਾਈ ਹੋ ਜਾਂਦੀ ਹੈ। ਇਸ ਦੀ ਕਾਸ਼ਤ ਦਰਮਿਆਨੀਆਂ ਤੋਂ ਭਾਰੀਆਂ ਕਿਸਮਾਂ ਦੀਆਂ ਜ਼ਮੀਨਾਂ ਵਿੱਚ ਢੁੱਕਵੀਂ ਹੁੰਦੀ ਹੈ, ਹਲਕੀਆਂ ਜ਼ਮੀਨਾਂ ਵਿੱਚ ਨਹੀਂ। ਸਿੰਚਾਈ ਦੇ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਅਤੇ ਬੀਜ ਦੇ ਉੱਗਣ ਸ਼ਕਤੀ ਨੂੰ ਬਿਹਤਰ ਬਣਾਉਣ ਲਈ ਖੇਤ ਨੂੰ ਲੇਜ਼ਰ ਲੈਵਲਿੰਗ ਦੁਆਰਾ ਸਹੀ ਤਰ੍ਹਾਂ ਪੱਧਰਾ ਕੀਤਾ ਜਾਣਾ ਜ਼ਰੂਰੀ ਹੈ। ਇਸ ਵਿਧੀ ਵਿੱਚ ਘੱਟ ਤੋਂ ਦਰਮਿਆਨੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਦੀ ਕਾਸ਼ਤ ਸਭ ਤੋਂ ਵਧੀਆ ਹੈ, ਕਿਉਂਕਿ ਅਗੇਤੀਆਂ ਕਿਸਮਾਂ ਨਾਲ ਝੋਨੇ ਦੀ ਕਟਾਈ ਤੋਂ ਬਾਅਦ ਇਹਨਾਂ ਦੀ ਰਹਿੰਦ-ਖੂੰਹਦ ਦਾ ਪ੍ਰਬੰਧ ਕਰਨ ਲਈ ਕਾਫ਼ੀ ਸਮਾਂ ਮਿਲ ਜਾਂਦਾ ਹੈ। ਇਸ ਵਿਧੀ ਵਿੱਚ ਜੂਨ ਦਾ ਪਹਿਲਾ ਪੰਦਰਵਾੜਾ ਪਰਮਲ ਕਿਸਮਾਂ ਦੀ ਬਿਜਾਈ ਲਈ ਅਤੇ ਦੂਜਾ ਪੰਦਰਵਾੜਾ ਬਾਸਮਤੀ ਦੀਆਂ ਕਿਸਮਾਂ ਲਈ ਢੁੱਕਵਾਂ ਰਹਿੰਦਾ ਹੈ। ਇਸ ਵਿਧੀ ਵਿੱਚ 8-10 ਕਿਲੋ ਪ੍ਰਤੀ ਏਕੜ ਬੀਜ ਦੀ ਲੋੜ ਹੁੰਦੀ ਹੈ। ਪੰਜਾਬ ਸਰਕਾਰ ਵੱਲੋਂ ਇਸ ਵਿਧੀ ਨੂੰ ਉਤਸ਼ਾਹਿਤ ਕਰਨ ਲਈ 1500 ਰੁਪਏ ਪ੍ਰਤੀ ਏਕੜ ਦਾ ਉਤਸ਼ਾਹ ਦੇਣ ਦਾ ਫੈਸਲਾ ਕੀਤਾ ਗਿਆ। ਪਿਛਲੇ ਸਾਲ (2024 ਵਿੱਚ) ਇਸ ਵਿਧੀ ਨਾਲ ਲਗਭਗ ਇੱਕ ਲੱਖ ਏਕੜ ਰਕਬੇ 'ਤੇ ਝੋਨਾ ਬੀਜਿਆ ਗਿਆ। ਝੋਨੇ ਦੀ ਸਿੱਧੀ ਬਿਜਾਈ ਤੇਜ਼ੀ ਨਾਲ ਘੱਟ ਰਹੇ ਜ਼ਮੀਨਦੋਜ਼ ਪਾਣੀ ਨੂੰ ਬਚਾਉਣ ਵਿੱਚ ਮੱਦਦ ਕਰ ਸਕਦੀ ਹੈ ਅਤੇ ਝੋਨੇ ਦੀ ਕਟਾਈ ਤੋਂ ਤੁਰੰਤ ਬਾਅਦ ਫ਼ਸਲਾਂ ਦੀ ਰਹਿੰਦ-ਖੂੰਹਦ ਵੀ ਸੰਭਾਲੀ ਜਾ ਸਕਦੀ ਹੈ।

**ਝੋਨੇ ਦੀ ਤਰ-ਵੱਤਰ ਸਿੱਧੀ ਬਿਜਾਈ ਦੇ ਫਾਇਦੇ** : ਲਗਭਗ 20-25% ਸਿੰਚਾਈ ਦੇ ਪਾਣੀ ਦੀ ਬੱਚਤ ਦੇ ਨਾਲ-ਨਾਲ ਬਿਜਲੀ ਦੀ ਵੀ ਬੱਚਤ ਹੁੰਦੀ ਹੈ। ਲੇਬਰ ਦੀ ਘੱਟ ਲੋੜ ਪੈਂਦੀ ਹੈ, ਜਿਸ ਕਰਕੇ ਲਗਭਗ 33% ਲੇਬਰ ਦੀ ਬੱਚਤ ਹੋ ਜਾਂਦੀ ਹੈ। ਇਸ ਵਿਧੀ ਨਾਲ ਬੀਜੇ ਝੋਨੇ 'ਤੇ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ। ਸਿੱਧੀ ਬਿਜਾਈ ਨਾਲ ਲਾਏ ਝੋਨੇ ਤੋਂ ਬਾਅਦ ਬੀਜੀ ਗਈ ਕਣਕ ਦੇ ਝਾੜ ਵਿੱਚ ਤਕਰੀਬਨ ਇੱਕ ਕੁਇੰਟਲ ਪ੍ਰਤੀ ਏਕੜ ਦਾ ਵਾਧਾ ਵੀ ਵੇਖਣ ਵਿੱਚ ਆਇਆ ਹੈ। ਹੱਥੀਂ ਲਵਾਏ ਝੋਨੇ ਦੇ ਮੁਕਾਬਲੇ ਝਾੜ ਵਿੱਚ ਕੋਈ ਖਾਸ ਅੰਤਰ ਨਹੀਂ ਆਉਂਦਾ।


**ਝੋਨੇ ਦੀ ਸਿੱਧੀ ਬਿਜਾਈ ਦੀਆਂ ਕੁਝ ਮੁਸ਼ਕਿਲਾਂ** : ਅਕਸਰ ਨਦੀਨ ਜ਼ਿਆਦਾ ਉੱਗਦੇ ਹਨ। ਬੀਜ ਦੀ ਲੋੜ ਜ਼ਿਆਦਾ ਪੈਂਦੀ ਹੈ। ਜ਼ਮੀਨ ਦਾ ਪੱਧਰਾ ਹੋਣਾ ਲਾਜ਼ਮੀ ਹੈ, ਜਿਸ ਨਾਲ ਲਾਗਤ ਵੱਧ ਸਕਦੀ ਹੈ। ਇਸ ਵਿਧੀ ਵਿੱਚ ਅਗੇਤੀ ਬਿਜਾਈ ਦੀ ਲੋੜ ਹੁੰਦੀ ਹੈ, ਕਿਉਂਕਿ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਪੌਦਿਆਂ ਦਾ ਸਹੀ ਢੰਗ ਨਾਲ ਬਾਹਰ ਆਉਣਾ ਜ਼ਰੂਰੀ ਹੈ। ਇਹ ਵਿਧੀ ਹਲਕੀਆਂ ਜ਼ਮੀਨਾਂ 'ਤੇ ਢੁੱਕਵੀਂ ਨਹੀਂ ਹੈ।

ਸਾਰਣੀ-1 : ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੇਠ ਜ਼ਿਲ੍ਹਾਵਾਰ ਰਕਬਾ, 2024-25

| ਜ਼ਿਲ੍ਹਾ | ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ (ਏਕੜ) | ਰਾਜ ਦੇ ਕੁੱਲ ਸਿੱਧੀ ਬਿਜਾਈ ਵਾਲੇ ਰਕਬੇ ਵਿੱਚ ਹਿੱਸਾ (%) |
|---|---|---|
| ਸ੍ਰੀ ਮੁਕਤਸਰ ਸਾਹਿਬ | 79720 | 31.47 |
| ਫਾਜ਼ਿਲਕਾ | 78558 | 31.01 |
| ਫਿਰੋਜ਼ਪੁਰ | 18452 | 7.28 |
| ਅੰਮ੍ਰਿਤਸਰ | 18049 | 7.12 |
| ਬਠਿੰਡਾ | 12786 | 5.05 |
| ਪਟਿਆਲਾ | 6267 | 2.47 |
| ਬਰਨਾਲਾ | 5380 | 2.12 |
| ਸੰਗਰੂਰ | 4536 | 1.79 |
| ਗੁਰਦਾਸਪੁਰ | 4527 | 1.79 |
| ਮਾਨਸਾ | 4495 | 1.77 |
| ਫਰੀਦਕੋਟ | 4330 | 1.71 |
| ਲੁਧਿਆਣਾ | 3928 | 1.55 |
| ਤਰਨ ਤਾਰਨ | 3446 | 1.36 |
| ਮੋਗਾ | 2183 | 0.86 |
| ਜਲੰਧਰ | 1673 | 0.66 |
| ਹੋਰ ਜ਼ਿਲ੍ਹੇ | 4998 | 1.97 |
| ਰਾਜ | 253328 | 100.00 |

ਸਾਰਣੀ-2 : ਝੋਨੇ ਦੀ ਸਿੱਧੀ ਬਿਜਾਈ ਅਤੇ ਹੱਥੀਂ ਲਵਾਈ ਦਾ ਲੇਖਾ-ਜੋਖਾ

| ਵਿਵਰਣ | ਸਿੱਧੀ ਬਿਜਾਈ | ਹੱਥੀਂ ਲਵਾਈ |
|---|---|---|
| ਝੋਨੇ ਦਾ ਝਾੜ (ਕੁਇੰਟਲ) | 29 | 30 |
| ਝੋਨੇ ਤੋਂ ਕੁੱਲ ਆਮਦਨ | 67280 | 69600 |
| ਕਾਸ਼ਤਕਾਰੀ ਲਾਗਤਾਂ | | |
| 1. ਬੀਜ ਅਤੇ ਬੀਜ ਦੀ ਸੋਧ | 514 | 474 |
| 2. ਖਾਦਾਂ | 3573 | 3573 |
| 3. ਪੌਦ ਸੁਰੱਖਿਆ | 3340 | 2840 |
| 4. ਸਿੰਚਾਈਆਂ | 4157 | 5716 |
| 5. ਮਜ਼ਦੂਰੀ ਦਾ ਖਰਚਾ | 5625 | 8437.5 |
| 6. ਟਰੈਕਟਰ ਦੀ ਵਰਤੋਂ | 3225 | 4515 |
| 7. ਕੰਬਾਈਨ ਨਾਲ ਕਟਾਈ | 2000 | 2000 |
| 8. ਮੰਡੀਕਰਨ ਦੇ ਖਰਚ | 528 | 538 |
| 9. ਉਪਰੋਕਤ ਲਾਗਤਾਂ ਤੇ ਫ਼ਸਲ ਦੇ ਅੱਧੇ ਸਮੇਂ ਦਾ ਵਿਆਜ | 287 | 351 |
| ਕੁੱਲ ਲਾਗਤਾਂ | 23249 | 28445 |
| ਨਿਰੋਲ ਆਮਦਨ | 44031 | 41155 |



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 24
ਮਿਤੀ 14-06-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।


★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਇ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਖੇਤੀ ਲਈ ਢੁਕਵੇਂ ਭਾਅ ਕਿਵੇਂ ਮਿੱਥੇ ਜਾਣ?




ਡਾ. ਦਰਸ਼ਨ ਪਾਲ
ਪ੍ਰਧਾਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤ
ਮੋ. 9417269294


ਕੇਂਦਰ ਸਰਕਾਰ ਨੇ ਹਾਲ ਹੀ ਵਿਚ ਸਾਉਣੀ ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ ਵਾਧੇ ਦਾ ਐਲਾਨ ਕੀਤਾ ਹੈ ਅਤੇ ਮੋਦੀ ਹਕੂਮਤ ਵਲੋਂ ਕਿਸਾਨਾਂ ਦੀ ਆਮਦਨੀ ਵਧਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ। ਪਰ ਅਸਲ ਵਿਚ ਐਮ. ਐਸ. ਪੀ. ਵਿਚ ਮਾਤਰ 3 ਫੀਸਦੀ ਦਾ ਵਾਧਾ ਕੀਤਾ ਗਿਆ ਹੈ, ਜਦਕਿ ਇਸ ਦੀ ਲਾਗਤ ਵਿਚ ਕਈ ਗੁਣਾਂ ਵਾਧਾ ਹੋਇਆ ਹੈ, ਜਿਸ ਨਾਲ ਕੇਂਦਰ ਸਰਕਾਰ ਦੇ ਕਿਸਾਨ ਪੱਖੀ ਹੋਣ ਦੇ ਫੋਕੇ ਦਾਅਵਿਆਂ ਦੀ ਫੂਕ ਨਿਕਲਦੀ ਨਜ਼ਰ ਆਉਂਦੀ ਹੈ। ਇਸ ਲਈ ਮੌਜੂਦਾ ਸਥਿਤੀਆਂ ਨੂੰ ਸਮਝਦੇ ਹੋਏ ਵਿਸ਼ਲੇਸ਼ਣ ਕਰਨਾ ਬਣਦਾ ਹੈ ਕਿ ਐਮ. ਐਸ. ਪੀ. ਕਿਸਾਨਾਂ ਲਈ ਜ਼ਰੂਰੀ ਕਿਉਂ ਹੈ ਅਤੇ ਐਮ. ਐਸ. ਪੀ. ਦਾ ਕਿਸ ਤਰ੍ਹਾਂ ਅਨੁਮਾਨ ਲਗਾਇਆ ਜਾਣਾ ਚਾਹੀਦਾ ਹੈ ਜਿਸ ਨਾਲ ਕਿਸਾਨਾਂ ਨੂੰ ਆਪਣੀ ਫਸਲ ਦਾ ਪੂਰਾ ਮੁੱਲ ਮਿਲੇ।

ਖੇਤੀ ਲਾਗਤ ਸੰਕਲਪਾਂ ਨੂੰ ਸਮਝਣਾ ਜ਼ਰੂਰੀ ਹੈ ਤਾਂ ਕਿ ਇਹ ਮੁਲਾਂਕਣ ਕੀਤਾ ਜਾ ਸਕੇ ਕਿ ਐਮ. ਐਸ. ਪੀ. ਦਾ ਹਿਸਾਬ ਕਿਵੇਂ ਲਗਾਇਆ ਜਾਂਦਾ ਹੈ ਅਤੇ ਇਹ ਅਸਲ ਵਿਚ ਕਿਸਾਨਾਂ ਲਈ ਕਿੰਨੇ ਵਾਜਿਬ ਜਾਂ ਲਾਭਕਾਰੀ ਹਨ। ਐਮ. ਐਸ. ਪੀ. ਨੂੰ ਨਿਰਧਾਰਿਤ ਕਰਨ ਲਈ ਖੇਤੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਸੀ.ਏ.ਸੀ.ਪੀ.) ਨੂੰ 1965 ਵਿਚ ਸਥਾਪਿਤ ਕੀਤਾ ਗਿਆ ਸੀ। ਐਮ. ਐਸ. ਪੀ. ਦੇ ਅਨੁਮਾਨ ਲਗਾਉਂਦਿਆਂ ਸੀ.ਏ.ਸੀ.ਪੀ. ਵੱਖ-ਵੱਖ ਤਰ੍ਹਾਂ ਦੇ ਲਾਗਤ ਸੰਕਲਪਾਂ ਦੀ ਵਰਤੋਂ ਕਰਦਾ ਹੈ, ਜੋ ਕਿ A1, A2, A2+FL, B1, B2, C1 ਅਤੇ C2 ਹਨ। ਹਾਲਾਂਕਿ ਸੀ. ਏ. ਸੀ. ਪੀ. ਲਾਗਤਾਂ ਨੂੰ ਤੈਅ ਕਰਕੇ ਸਰਕਾਰ ਨੂੰ ਸਿਫਾਰਸ਼ ਕਰਦਾ ਹੈ, ਪਰ ਅੰਤਿਮ ਫੈਸਲਾ ਭਾਰਤ ਸਰਕਾਰ ਦੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੁਆਰਾ ਹੀ ਲਿਆ ਜਾਂਦਾ ਹੈ।

ਸਭ ਤੋਂ ਪਹਿਲਾਂ ਲਾਗਤ A1 ਨੂੰ ਸਮਝਦੇ ਹਾਂ। ਲਾਗਤ A1 ਵਿਚ ਕਿਸਾਨ ਦੇ ਆਪਣੇ ਵਰਤੇ ਗਏ ਨਕਦੀ ਅਤੇ ਚੀਜ਼ਾਂ ਦੇ ਰੂਪ ਵਿਚ ਕੀਤੇ ਗਏ ਸਾਰੇ ਖਰਚੇ ਸ਼ਾਮਿਲ ਹੁੰਦੇ ਹਨ ਜਿਸ ਵਿਚ ਬੀਜ, ਖਾਦਾਂ, ਕੀਟਨਾਸ਼ਕਾਂ, ਕਿਰਾਏ 'ਤੇ ਲਏ ਗਏ ਮਜ਼ਦੂਰ, ਮਸ਼ੀਨਰੀ, ਸਿੰਚਾਈ ਖਰਚੇ, ਤੇਲ, ਸੰਦਾਂ ਦੀ ਘਸਾਈ, ਜ਼ਮੀਨੀ ਮਾਲੀਆ ਅਤੇ ਕਾਰਜਸ਼ੀਲ ਪੂੰਜੀ 'ਤੇ ਵਿਆਜ ਵਰਗੇ ਸਾਰੇ ਖਰਚੇ ਸ਼ਾਮਿਲ ਹਨ। A1 ਲਾਗਤ ਕਿਸਾਨ ਦੁਆਰਾ ਅਦਾ ਕੀਤੇ ਸਿੱਧੇ ਖਰਚਿਆਂ ਨੂੰ ਦਰਸਾਉਂਦੀ ਹੈ। A2 ਲਾਗਤ A1 ਲਾਗਤ ਦੇ ਵਿਚ ਠੇਕੇ 'ਤੇ ਲਈ ਜ਼ਮੀਨ ਲਈ ਭੁਗਤਾਨ ਕੀਤਾ ਠੇਕਾ ਸ਼ਾਮਿਲ ਵਿਚ ਪਰਿਵਾਰਕ ਕਿਰਤ ਤੇ ਨਿਰਧਾਰਤ ਮੁੱਲ ਨੂੰ ਜੋੜ ਕੇ A2+FL ਲਾਗਤ ਦਾ ਫਾਰਮੂਲਾ ਬਣਦਾ ਹੈ। B1 ਲਾਗਤ ਮਾਲਕੀ ਵਾਲੀਆਂ ਪੂੰਜੀ ਸੰਪਤੀਆਂ (Owned asessts) ਦੀ ਵਰਤੋਂ ਕਰਨ ਦੀ ਆਰਥਿਕ ਲਾਗਤ ਨੂੰ ਸ਼ਾਮਿਲ ਕਰਨ ਵੱਲ ਵਧਦੀ ਹੈ, ਭਾਵ B1 ਲਾਗਤ ਵਿਚ A1 ਲਾਗਤ ਜਮ੍ਹਾਂ ਮਾਲਕੀ ਵਾਲੀ ਸਥਿਰ ਪੂੰਜੀ ਵਿਚ ਭਾਵ ਮਸ਼ੀਨਰੀ, ਔਜ਼ਾਰਾਂ ਅਤੇ ਇਮਾਰਤਾਂ ਦੇ ਮੁੱਲ 'ਤੇ ਵਿਆਜ (ਜ਼ਮੀਨ ਤੋਂ ਬਿਨਾਂ) ਸ਼ਾਮਿਲ ਹੈ। B2 ਲਾਗਤ B1 ਲਾਗਤ ਦੇ ਨਾਲ ਮਾਲਕੀ ਵਾਲੀ ਜ਼ਮੀਨ 'ਤੇ ਨਿਰਧਾਰਤ (Imputed) ਕਿਰਾਏ ਅਤੇ ਲੀਜ਼ 'ਤੇ ਲਈ ਜ਼ਮੀਨ ਲਈ ਭੁਗਤਾਨ ਕੀਤੇ ਠੇਕੇ ਨੂੰ ਸ਼ਾਮਿਲ ਕਰਕੇ ਬਣਦੀ ਹੈ, ਜਿਸ ਨਾਲ ਜ਼ਮੀਨ ਦੇ ਮਾਲਕ ਕਿਸਾਨਾਂ ਦੀ ਖੇਤੀ ਕਰਨ ਦੀ ਲਾਗਤ ਇਕ ਸੰਪੂਰਨ ਤਰੀਕੇ ਨਾਲ ਦਰਜ ਹੁੰਦੀ ਹੈ।

C1 ਲਾਗਤ, B1 ਲਾਗਤ ਵਿਚ ਪਰਿਵਾਰਕ ਕਿਰਤ ਦੇ ਨਿਰਧਾਰਿਤ ਮੁੱਲ ਨੂੰ ਜੋੜ ਕੇ ਬਣਦੀ ਹੈ। ਅੰਤ ਵਿਚ, C2 ਲਾਗਤ B2 ਵਿਚ ਪਰਿਵਾਰਕ ਕਿਰਤ ਦੇ ਨਿਰਧਾਰਿਤ ਮੁੱਲ ਨੂੰ ਜੋੜ ਕੇ ਬਣਦੀ ਹੈ। ਹੋਰ ਲਾਗਤ ਸੰਕਲਪਾਂ ਦੇ ਉਲਟ C2 ਸਭ ਤੋਂ ਵਿਆਪਕ ਅਤੇ ਸੰਮਲਿਤ ਤਰੀਕਾ ਹੈ, ਜਿਸ ਵਿਚ ਨਾ ਸਿਰਫ ਸਾਰੇ ਅਸਲ ਭੁਗਤਾਨ ਕੀਤੇ ਖਰਚੇ (ਜਿਵੇਂ ਕਿ ਖੇਤੀ ਲਾਗਤਾਂ, ਮਜ਼ਦੂਰੀ, ਤੇਲ ਅਤੇ ਠੇਕੇ ਵਾਲੀ ਜ਼ਮੀਨ ਦਾ ਕਿਰਾਇਆ) ਸ਼ਾਮਿਲ ਹਨ, ਬਲਕਿ ਪਰਿਵਾਰਕ ਕਿਰਤ ਦੇ ਨਿਰਧਾਰਿਤ ਮੁੱਲ, ਮਾਲਕੀ ਵਾਲੀ ਸਥਿਰ ਪੂੰਜੀ 'ਤੇ ਵਿਆਜ ਅਤੇ ਮਾਲਕੀ ਵਾਲੀ ਜ਼ਮੀਨ 'ਤੇ ਨਿਰਧਾਰਤ ਕਿਰਾਇਆ ਵੀ ਸ਼ਾਮਿਲ ਹੈ। ਇਸ ਲਈ ਸਿੱਧੀਆਂ ਅਤੇ ਲੁਕਵੀਆਂ ਦੋਵੇਂ ਲਾਗਤਾਂ ਨੂੰ ਸ਼ਾਮਿਲ ਕਰਕੇ, C2 ਕਿਸਾਨ ਦੁਆਰਾ ਕੀਤੇ ਗਏ ਸਮੁੱਚੇ ਖਰਚੇ ਨੂੰ ਦਰਸਾਉਂਦਾ ਹੈ ਜਿਸ ਕਾਰਨ ਐਮ. ਐਸ. ਪੀ. ਦੇ ਆਧਾਰ ਵਜੋਂ C2 ਦੀ ਵਰਤੋਂ ਕਰਨਾ ਲਾਜ਼ਮੀ ਹੈ। ਹੈਰਾਨੀ ਦੀ ਗੱਲ ਹੈ ਕਿ ਫਸਲਾਂ ਦੀਆਂ ਕੀਮਤਾਂ ਮਿੱਥਣ ਸਮੇਂ ਅੰਤਰਰਾਸ਼ਟਰੀ ਕੀਮਤਾਂ ਅਤੇ ਸਰਕਾਰ ਕੋਲ ਪਏ ਬਫਰ ਸਟਾਕ ਦੀ ਮਾਤਰਾ ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ ਅਤੇ ਇਨ੍ਹਾਂ ਨਾਲ ਵੀ ਐਮ. ਐਸ. ਪੀ. ਨੂੰ ਘਟਾ ਦਿੱਤਾ ਜਾਂਦਾ ਹੈ, ਜਦੋਂ ਕਿ ਕਿਸਾਨਾਂ ਦੀਆਂ ਲਾਗਤਾਂ ਦਾ ਇਨ੍ਹਾਂ ਚੀਜ਼ਾਂ ਨਾਲ ਕੋਈ ਸੰਬੰਧ ਨਹੀਂ। ਇਹ ਬੜੀ ਵਿਡੰਬਣਾ ਹੈ ਇਹ ਸਿਰਫ ਖੇਤੀ ਹੀ ਹੈ ਜਿੱਥੇ ਲਾਗਤਾਂ ਨੂੰ A1 ਤੋਂ ਲੈ ਕੇ C2 ਤੱਕ ਦੀਆਂ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ, ਉਦਯੋਗਾਂ ਵਿਚ ਬਣੀਆਂ ਵਸਤਾਂ ਦੀਆਂ ਕੀਮਤਾਂ ਮਿੱਥਣ ਸਮੇਂ ਅਜਿਹਾ ਨਹੀਂ ਕੀਤਾ ਜਾਂਦਾ, ਸਿਰਫ ਸਮੁੱਚੀਆਂ ਲਾਗਤਾਂ ਨੂੰ ਹੀ ਗਿਣਿਆ ਜਾਂਦਾ ਹੈ। ਖੇਤੀ ਵਿਚ ਇਨ੍ਹਾਂ ਭੁਲੇਖਾ ਪਾਉ ਧਾਰਨਾਵਾਂ ਨੂੰ ਵਰਤਿਆ ਜਾਂਦਾ ਹੈ, ਤਾਂ ਕਿ ਕਿਸਾਨਾਂ ਨੂੰ ਘੱਟ ਕੀਮਤਾਂ ਦਿੱਤੀਆਂ ਜਾ ਸਕਣ।



ਇਹ ਸਮਝਣਾ ਜ਼ਰੂਰੀ ਹੈ ਕਿ ਆਖਰ ਕਿਸਾਨਾਂ ਦੀ ਮੰਗ ਕੀ ਹੈ ? ਕਿਸਾਨ ਭਾਰਤ ਸਰਕਾਰ ਦੁਆਰਾ ਆਪਣੇ ਹੀ ਰਾਸ਼ਟਰੀ ਕਿਸਾਨ ਕਮਿਸ਼ਨ ਦੀ 2006 ਵਿਚ ਦਿੱਤੀ ਰਿਪੋਰਟ(ਸਵਾਮੀਨਾਥਨ ਰਿਪੋਰਟ) ਦੁਆਰਾ ਸਿਫਾਰਸ਼ ਕੀਤੇ C2 + 50% ਫਾਰਮੂਲੇ ਅਨੁਸਾਰ ਐਮ. ਐਸ. ਪੀ. ਨੂੰ ਮਿੱਥਣ ਅਤੇ ਇਸਦੀ ਕਾਨੂੰਨੀ ਗਰੰਟੀ ਦੀ ਮੰਗ ਕਰਕੇ ਹਨ। ਭਾਰਤ ਸਰਕਾਰ ਵਲੋਂ ਐਮ. ਐਸ. ਪੀ. ਦਾ ਨਿਰਧਾਰਨ A2+FL ਫਾਰਮੂਲੇ ਨਾਲ ਹੀ ਕੀਤਾ ਜਾਂਦਾ ਹੈ ਜੋ ਕਦਾਚਿਤ ਜਾਇਜ਼ ਨਹੀਂ। ਭਾਰਤ ਸਰਕਾਰ ਨੇ ਫਸਲਾਂ ਦੀਆਂ ਕੀਮਤਾਂ ਨੂੰ ਬੇਹਤਰ ਬਣਾਉਣ ਲਈ ਬਣਾਈ ਗਈ ਰਮੇਸ਼ ਚੰਦ ਕਮੇਟੀ ਦੀ ਰਿਪੋਰਟ (2015) ਅਨੁਸਾਰ C2 ਵਿਚ ਕੁਝ ਹੋਰ ਖਰਚੇ ਸ਼ਾਮਿਲ ਕਰਨ ਦੀ ਸਿਫਾਰਸ਼ ਕੀਤੀ ਗਈ ਹੈ, ਜਿਨ੍ਹਾਂ ਵਿਚ ਪਰਿਵਾਰ ਦੇ ਮੁਖੀ ਨੂੰ ਗੈਰ ਤਕਨੀਕੀ ਮਜ਼ਦੂਰ ਦੀ ਬਜਾਇ ਹੁਨਰਮੰਦ ਜਾਂ ਤਕਨੀਕੀ ਕਾਮੇ ਵਜੋਂ ਮੰਨਣਾ ਸ਼ਾਮਿਲ ਹੈ, ਜਿਸਦਾ ਮਤਲਬ ਹੈ ਕਿ ਉਸਦੀ ਮਜ਼ਦੂਰੀ ਵੱਧ ਹੋਣੀ ਚਾਹੀਦੀ ਹੈ। ਦੂਜਾ, ਕਾਰਜਸ਼ੀਲ ਪੂੰਜੀ ਉਪਰ ਵਿਆਜ ਦਾ ਅਨੁਮਾਨ ਅੱਧੇ ਸੀਜ਼ਨ ਲਈ ਲਗਾਉਣ ਦੀ ਜਗ੍ਹਾ ਪੂਰੇ ਸੀਜ਼ਨ ਲਈ ਗਿਣਨਾ ਚਾਹੀਦਾ ਹੈ। ਤੀਜਾ ਸੁਝਾਅ, ਅਸਲ ਜ਼ਮੀਨੀ ਠੇਕਾ / ਕਿਰਾਇਆ ਪਾਉਣਾ ਚਾਹੀਦਾ ਹੈ ਨਾ ਕਿ ਉਸ ਦੀ ਉਪਰਲੀ ਸੀਮਾ ਨਿਸ਼ਚਿਤ ਕੀਤੀ ਜਾਵੇ। ਅੰਤ ਵਿਚ, ਕਮੇਟੀ ਦਾ ਸੁਝਾਅ ਹੈ ਕਿ ਫਸਲੀ ਉਤਪਾਦਨ ਤੋਂ ਬਾਅਦ ਦੀਆਂ ਲਾਗਤਾਂ ਜਿਵੇਂ ਫਸਲ ਨੂੰ ਮੰਡੀ ਵਿਚ ਲਿਜਾਣ, ਸਫਾਈ, ਗਰੇਡਿੰਗ, ਸੁਕਾਉਣ, ਪੈਕੇਜਿੰਗ ਅਤੇ ਮੰਡੀਕਰਨ ਦੇ ਖਰਚੇ ਵੀ ਸ਼ਾਮਿਲ ਹੋਣੇ ਚਾਹੀਦੇ ਹਨ।

ਆਖਰ ਕਿਸਾਨ ਨੂੰ ਮੌਜੂਦਾ ਮਿਲਣ ਵਾਲੀ (A2 + FL ਅਧਾਰਿਤ) ਐਮ. ਐਸ. ਪੀ. ਨੂੰ C2 ਅਧਾਰਿਤ ਬਣਾਉਣ ਲਈ ਆਪਣੀ ਜ਼ਮੀਨ ਦਾ ਠੇਕਾ ਅਤੇ ਆਪਣੀ ਮਾਲਕੀ ਵਾਲੀਆਂ ਪੂਜੀ ਸੰਪਤੀਆਂ (ਮਸ਼ੀਨਰੀ, ਔਜ਼ਾਰ ਅਤੇ ਇਮਾਰਤਾਂ) 'ਤੇ ਵਿਆਜ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਇਨ੍ਹਾਂ ਲਾਗਤਾਂ ਵਿਚ ਅਜੇ ਹੋਰ ਵੀ ਘਾਟਾਂ / ਖਾਮੀਆਂ ਹਨ, ਜਿਵੇਂ ਕਿ ਲੇਬਰ / ਪਸ਼ੂਧਨ ਦੀ ਵਰਤੋਂ ਨੂੰ ਵੀ ਠੀਕ ਤਰ੍ਹਾਂ ਨਹੀਂ ਗਿਣਿਆ ਜਾਂਦਾ। ਇਨ੍ਹਾਂ ਖਾਮੀਆਂ ਨੂੰ ਦੂਰ ਕਰਕੇ ਹੀ ਫਸਲਾਂ ਦੀਆਂ ਕੀਮਤਾਂ ਨੂੰ ਉਚਿਤ ਢੰਗ ਨਾਲ ਮਿਥਿਆ ਜਾ ਸਕਦਾ ਹੈ। ਜੇਕਰ ਰਮੇਸ਼ ਚੰਦ ਕਮੇਟੀ ਅਨੁਸਾਰ C2 ਨੂੰ ਮਾਪਿਆ ਜਾਂਦਾ ਹੈ ਅਤੇ ਸਵਾਮੀਨਾਥਨ ਰਿਪੋਰਟ ਅਨੁਸਾਰ ਉਸ 'ਤੇ 50% ਮੁਨਾਫਾ ਜਮ੍ਹਾਂ ਕਰਕੇ ਕੀਮਤ ਦਿੱਤੀ ਜਾਂਦੀ ਹੈ ਤਾਂ ਫਸਲਾਂ ਦੀਆਂ ਕੀਮਤਾਂ ਵਿਚ 45 ਤੋਂ 70% ਵਾਧਾ ਹੋਵੇਗਾ ਜੋ ਸੰਕਟ ਵਿਚ ਧਸੀ ਕਿਸਾਨੀ ਲਈ ਵਰਦਾਨ ਸਾਬਿਤ ਹੋਵੇਗਾ। ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਪੰਜਾਬ ਦੀ ਨਵੀਂ ਖੇਤੀ ਨੀਤੀ (2023) ਵਿਚ ਵੀ ਐਮ. ਐਸ. ਪੀ. ਦੀ ਕਾਨੂੰਨੀ ਗਰੰਟੀ ਦੇਣ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਬਣੀ ਪਾਰਲੀਮੈਂਟ ਦੀ ਕਮੇਟੀ (2024) ਨੇ ਵੀ ਐਮ. ਐਸ. ਪੀ. ਦੀ ਕਾਨੂੰਨੀ ਗਰੰਟੀ ਦੇਣ ਦੀਆਂ ਸਿਫਾਰਸ਼ ਕੀਤੀ ਹੈ। ਇਸ ਲਈ ਕੇਂਦਰ ਸਰਕਾਰ ਨੂੰ ਆਪਣੀਆਂ ਰਿਪੋਰਟਾਂ ਅਨੁਸਾਰ ਹੀ ਸਾਰੀਆਂ ਫਸਲਾਂ 'ਤੇ C2+50% ਉੱਪਰ ਐਮ. ਐਸ. ਪੀ. ਦੇਣ ਦੀ ਕਾਨੂੰਨੀ ਗਰੰਟੀ ਦੇਣੀ ਚਾਹੀਦੀ ਹੈ, ਤਾਂ ਜੋ ਫਸਲੀ ਵਿਭਿੰਨਤਾ ਲਿਆਉਣ, ਮੰਡੀ ਵਿਚ ਆਉਂਦੇ ਉਤਰਾਅ-ਚੜ੍ਹਾਅ ਦੇ ਅਸਰ ਨੂੰ ਘਟਾਉਣ ਅਤੇ ਕਿਸਾਨੀ ਦੀ ਚੰਗੀ ਆਮਦਨ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਦੇ ਨਾਲ ਹੀ ਸਰਕਾਰ ਨੂੰ ਚਾਹੀਦਾ ਹੈ ਕਿ ਅਮਰੀਕਾ ਵਰਗੇ ਦੇਸ਼ਾਂ ਦੀਆਂ ਘੁਰਕੀਆਂ ਨੂੰ ਲਾਂਭੇ ਕਰਕੇ ਖੇਤੀ ਖੇਤਰ ਨੂੰ ਕਸਟਮ ਡਿਊਟੀਆਂ ਲਾ ਕੇ ਸੁਰੱਖਿਅਤ ਰੱਖਿਆ ਜਾਵੇ ਹਨ। ਅਸਲ ਵਿਚ ਖੇਤੀ ਵਿਚ ਕੰਮ ਆਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਨੂੰ ਕਾਬੂ ਕਰਨਾ ਬਹੁਤ ਜ਼ਰੂਰੀ ਹੈ, ਜਿਸ ਲਈ ਸਰਕਾਰ ਨੂੰ ਇਨ੍ਹਾਂ ਵਸਤਾਂ ਦੀ ਪੈਦਾਵਾਰ ਵਿਚੋਂ ਨਿੱਜੀ ਕੰਪਨੀਆਂ ਨੂੰ ਲਾਂਭੇ ਕਰਕੇ ਸਹਿਕਾਰੀ ਖੇਤਰ ਵਿਚ ਇਹ ਪੈਦਾ ਕਰਨੀਆਂ ਚਾਹੀਦੀਆਂ ਹਨ ਅਤੇ ਨਾਲ ਹੀ ਖੇਤੀ ਦੇ ਬਜਟ ਨੂੰ ਵੀ ਵਧਾਇਆ ਜਾਣਾ ਚਾਹੀਦਾ ਹੈ। ਤਾਂ ਕਿ ਦੇਸ਼ ਦੀ ਖੇਤੀ ਦੇ ਡੂੰਘੇ ਹੁੰਦੇ ਸੰਕਟ ਨੂੰ ਦੂਰ ਕਰਨ ਵੱਲ ਸੁਚਾਰੂ ਕਦਮ ਪੁੱਟੇ ਜਾ ਸਕਣ।

# ਝੋਨੇ ਦੀ ਬਿਜਾਈ ਅਤੇ ਧਰਤੀ ਹੇਠਲਾ ਜਲ ਪ੍ਰਬੰਧ



ਡਾ. ਕੰਵਲਜੀਤ ਸਿੰਘ
ਮੋ. 94174-43777

ਰਿਪੇਰੀਅਨ ਸੂਬਾ ਹੋਣ ਦੇ ਬਾਵਜੂਦ ਪੰਜਾਬ ਨੂੰ ਰਾਵੀ, ਬਿਆਸ ਅਤੇ ਸਤਲੁਜ ਤੇ ਕੁੱਲ ਅਨੁਮਾਨਤ ਪਾਣੀ 42.40 ਬਿਲੀਅਨ ਕਿਊਬਿਕ ਮੀਟਰ (ਬੀ. ਸੀ. ਐੱਮ) ਵਿਚੋਂ 17.95 ਬਿਲੀਅਨ ਕਿਊਬਿਕ ਮੀਟਰ ਸਿੰਜਾਈ ਲਈ ਦਿੱਤਾ ਜਾਂਦਾ ਹੈ। ਪੰਜਾਬ ਕੋਲ ਇਸ ਸਮੇਂ 14.80 ਬੀ. ਸੀ. ਐੱਮ ਨਹਿਰੀ, 17.07 ਬੀ. ਸੀ. ਐੱਮ ਧਰਤੀ ਹੇਠਲਾ ਅਤੇ 20.88 ਬੀ. ਸੀ. ਐੱਮ ਬਰਸਾਤੀ ਪਾਣੀ ਜੋੜ ਕੇ 52.85 ਬੀ. ਸੀ. ਐੱਮ ਕੁੱਲ ਪਾਣੀ ਹੈ। ਇਸ ਨੂੰ ਖੇਤੀ ਲਈ 62.58 ਬੀ. ਸੀ. ਐੱਮ ਘਰੇਲੂ ਖਪਤ ਲਈ 2.41 ਅਤੇ 01.13 ਬੀ. ਸੀ. ਐੱਮ ਮਿਲਾ ਕੇ ਕੁੱਲ ਜ਼ਰੂਰਤ 62.12 ਬੀ. ਸੀ. ਐੱਮ ਹੈ। ਇਸ ਤਰ੍ਹਾਂ 13.12 ਬੀ. ਸੀ. ਐੱਮ ਪਾਣੀ ਦੀ ਘਾਟ ਟਿਊਬਵੈੱਲਾਂ ਰਾਹੀਂ ਧਰਤੀ ਹੇਠਲਾ ਪਾਣੀ ਕੱਢ ਕੇ ਕੀਤੀ ਜਾਂਦੀ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣ ਕਾਰਨ ਕਿਸਾਨਾਂ ਨੂੰ ਪਿਛਲੇ ਸਮੇਂ ਵਿਚ ਬਹੁਤ ਮਹਿੰਗੀਆਂ ਸਬਮਰਸੀਬਲ ਮੋਟਰਾਂ ਅਤੇ ਡੂੰਘੇ ਬੋਰਾਂ 'ਤੇ ਲੱਖਾਂ ਰੁਪਏ ਖਰਚਣੇ ਪਏ। ਖੇਤੀ ਲਈ ਮੁਫਤ ਬਿਜਲੀ ਦੀ ਸਹੂਲਤ ਅਤੇ 150 ਸਾਲ ਪੁਰਾਣੇ ਮਾੜੀ ਸਾਂਭ-ਸੰਭਾਲ ਵਾਲੇ ਨਹਿਰੀ ਸਿੰਜਾਈ ਹੇਠ 1990 ਵਿਚ 16 ਲੱਖ ਹੈਕਟੇਅਰ ਤੋਂ ਰਕਬਾ ਘਟ ਕੇ 2020-21 ਵਿਚ 11.59 ਲੱਖ ਹੈਕਟੇਅਰ ਰਹਿ ਗਿਆ। ਮਾਝੇ ਅਤੇ ਦੋਆਬੇ ਵਿਚ ਬਹੁਤੇ ਸਕੀਮੀ ਖਾਲ ਪਾਣੀ ਦੀ ਘਾਟ ਕਾਰਨ ਕਿਸਾਨਾਂ ਨੇ ਜ਼ਮੀਨਾਂ ਵਿਚ ਹੀ ਮਿਲਾ ਲਏ ਹਨ। 14500 ਕਿਲੋਮੀਟਰ ਲੰਮੇ ਨਹਿਰੀ ਪਾਣੀ ਸਿਸਟਮ ਵਿਚ ਅੱਜ ਵੀ 2215.5 ਕਿਲੋਮੀਟਰ ਲੰਮੀਆਂ ਨਹਿਰਾਂ ਕੱਚੀਆਂ ਹਨ ਜਿਨ੍ਹਾਂ ਨੂੰ ਪੱਕੇ ਕਰਨ ਲਈ ਤਕਰੀਬਨ 2728.40 ਕਰੋੜ ਰੁਪਏ ਲੋੜੀਂਦੇ ਹਨ। ਇਹ ਰਕਮ ਮੁਫਤ ਬਿਜਲੀ ਦੀ ਸਬਸਿਡੀ ਵਿੱਚੋਂ ਖਰਚ ਕਰ ਕੇ ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਕਰ ਕੇ ਧਰਤੀ ਹੇਠਲਾ ਪਾਣੀ ਬਣਾਇਆ ਜਾ ਸਕਦਾ ਹੈ।



ਪੰਜਾਬ ਵਿਚ ਭੂਮੀ ਹੇਠਲੇ ਜਲ ਦੇ ਤੇਜ਼ੀ ਨਾਲ ਡਿੱਗਦੇ ਪੱਧਰ ਨੂੰ ਰੋਕਣ ਲਈ 2009 ਵਿਚ ਐਕਟ ਬਣਾਇਆ ਗਿਆ ਜਿਸ ਵਿਚ ਝੋਨੇ ਦੀ ਲਵਾਈ 10 ਜੂਨ ਤੋਂ ਮਿੱਥੀ ਗਈ ਜੋ ਬਾਅਦ ਵਿਚ 2014 ਵਿਚ 15 ਜੂਨ ਕਰ ਦਿੱਤੀ ਗਈ। ਇਸ ਨਾਲ ਪਾਣੀ ਦਾ ਪੱਧਰ ਡਿੱਗਣ ਦੀ ਰਫਤਾਰ ਵਿਚ ਥੋੜ੍ਹੀ ਕਮੀ ਆਈ ਪਰ ਮੌਜੂਦਾ ਸਰਕਾਰ ਨੇ ਝੋਨੇ ਦੀ ਲਵਾਈ ਪਹਿਲੀ ਜੂਨ (ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਸ਼੍ਰੀ ਮੁਕਤਸਰ ਸਾਹਿਬ, ਬਠਿੰਡਾ), 5 ਜੂਨ (ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਰੂਪਨਗਰ, ਮੁਹਾਲੀ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ) ਅਤੇ 9 ਜੂਨ (ਲੁਧਿਆਣਾ, ਮਲੇਰਕੋਟਲਾ, ਮਾਨਸਾ, ਮੋਗਾ, ਬਰਨਾਲਾ, ਪਟਿਆਲਾ, ਸੰਗਰੂਰ, ਕਪੂਰਥਲਾ, ਜਲੰਧਰ, ਨਵਾਂਸ਼ਹਿਰ) ਨੂੰ ਐਲਾਨ ਦਿੱਤੀ। ਪਹਿਲੇ ਦੋ ਪੜਾਵਾਂ ਵਿਚ ਸ਼ਾਮਿਲ ਜ਼ਿਲ੍ਹਿਆਂ ਦਾ ਕੁਲ ਰਕਬਾ ਲਗਭਗ 16 ਲੱਖ ਹੈਕਟੇਅਰ ਬਣਦਾ ਹੈ ਜੋ 10 ਦਿਨਾਂ ਲਈ ਪਾਣੀ ਦੀ ਬਰਬਾਦੀ ਦਾ ਕਾਰਨ ਬਣੇਗਾ। ਜੂਨ ਮਹੀਨੇ ਅਤਿ ਦੀ ਗਰਮੀ (45 ਤੋਂ 48 ਡਿਗਰੀ ਤਾਪਮਾਨ) ਅਤੇ ਖੁਸ਼ਕ ਹਵਾ ਕਾਰਨ ਵਾਸ਼ਪੀਕਰਨ ਦੀ ਦਰ ਜ਼ਿਆਦਾ (15 ਤੋਂ 20 ਮਿਲੀਲਿਟਰ ਪ੍ਰਤੀ ਦਿਨ) ਹੁੰਦੀ ਹੈ। ਇਕ ਅਨੁਮਾਨ ਅਨੁਮਾਨ, ਅਗੇਤੀ ਲਵਾਈ ਕਾਰਨ ਪ੍ਰਤੀ ਹੈਕਟੇਅਰ ਪ੍ਰਤੀ ਦਿਨ ਲਗਭਗ 1.5 ਲੱਖ ਲਿਟਰ ਪਾਣੀ ਵਾਸ਼ਪੀਕਰਨ ਰਾਹੀਂ ਉੱਡ ਜਾਵੇਗਾ। ਇਸ ਦੀ ਭਰਪਾਈ ਲਈ ਕਿਸਾਨ ਆਪਣੇ ਟਿਊਬਵੈੱਲ ਜ਼ਿਆਦਾ ਚਲਾਉਣਗੇ ਜਿਸ ਦਾ ਮਾੜਾ ਪ੍ਰਭਾਵ ਸਿੱਧਾ ਭੂਮੀ ਹੇਠਲੇ ਪਾਣੀ 'ਤੇ ਪਵੇਗਾ। ਇਸ ਤਰ੍ਹਾਂ ਜੂਨ ਦੇ ਪਹਿਲੇ 15 ਦਿਨਾਂ ਵਿਚ ਸੂਬੇ ਦਾ ਧਰਤੀ ਹੇਠਲਾ ਕਿੰਨਾ ਹੀ ਪਾਣੀ ਅਜਾਈਂ ਚਲਾ ਜਾਵੇਗਾ।

ਭਾਰਤ ਆਜ਼ਾਦੀ ਤੋਂ ਬਾਅਦ 1960 ਦੇ ਦਹਾਕੇ ਤੱਕ ਭੁੱਖਮਰੀ ਦਾ ਸ਼ਿਕਾਰ ਸੀ। 1966 ਦੇ ਆਸ-ਪਾਸ ਕੇਂਦਰੀ ਨੀਤੀ ਘਾੜਿਆਂ ਨੇ ਪੰਜਾਬ ਦੇ ਮਿਹਨਤੀ ਤੇ ਸਿਰੜੀ ਕਿਸਾਨਾਂ, ਸੂਬੇ ਦੀ ਜ਼ਰਖੇਜ਼ ਜ਼ਮੀਨ ਅਤੇ ਪਾਣੀ ਦੇ ਖੁੱਲ੍ਹੇ ਸਰੋਤਾਂ ਨੂੰ ਧਿਆਨ ਵਿਚ ਰੱਖ ਕੇ ਹਰੀ ਕ੍ਰਾਂਤੀ ਇੱਥੋਂ ਸ਼ੁਰੂ ਕਰਨ ਦੀ ਵਿਉਂਤ ਬਣਾਈ ਜਿਹੜੀ ਕਾਮਯਾਬ ਰਹੀ। ਪੰਜਾਬ ਦੇ ਮਿਹਨਤੀ ਕਿਸਾਨ ਇਸ ਵਿਚ ਹੋਰ ਡੂੰਘਾਈ ਨਾਲ ਉੱਤਰਦੇ ਗਏ, ਨਤੀਜੇ ਵੱਜੋਂ ਭਾਰਤ ਭੁੱਖਮਰੀ ਦੇ ਦੌਰ ਵਿੱਚੋਂ ਬਾਹਰ ਆ ਗਿਆ। ਕੇਂਦਰੀ ਭੰਡਾਰ ਪੰਜਾਬ ਸਭ ਤੋਂ ਵੱਧ ਚੌਲ ਅਤੇ ਕਣਕ ਦਾ ਯੋਗਦਾਨ ਪਾ ਰਿਹਾ ਸੀ ਜੋ ਅੱਜ ਤੱਕ ਜਾਰੀ ਹੈ। ਸਮੇਂ ਦੀਆਂ ਸੂਬਾ ਸਰਕਾਰਾਂ ਨੇ ਵੀ ਇਸ ਵਰਤਾਰੇ ਪ੍ਰਤੀ ਹੋਰ ਬਦਲਵੇਂ ਪ੍ਰਬੰਧ ਕਰਨ ਦੀ ਕੋਈ ਸੁਹਿਰਦ ਕੋਸ਼ਿਸ਼ ਨਹੀਂ ਕੀਤੀ ਸਗੋਂ ਕਣਕ ਝੋਨੇ ਦੇ ਇਸੇ ਫਸਲੀ ਚੱਕਰ ਨੂੰ ਹੋਰ ਅੱਗੇ ਵਧਾਇਆ।

ਸਮੇਂ ਦੀਆਂ ਸਰਕਾਰਾਂ ਅਤੇ ਅਫਸਰਸ਼ਾਹੀ ਨੂੰ ਇਹ ਪਤਾ ਸੀ ਕਿ 40-50 ਸਾਲ ਦੀ ਹਰੀ ਕ੍ਰਾਂਤੀ ਦੇ ਨਾਲ-ਨਾਲ ਦੂਜੇ ਸੂਬੇ ਵੀ ਅਨਾਜ ਪੈਦਾ ਕਰਨ ਦੇ ਸਮਰੱਥ ਹੋ ਰਹੇ ਹਨ, ਇਸ ਲਈ ਇਕ ਸਮਾਂ ਆਇਗਾ ਜਦੋਂ ਕੇਂਦਰੀ ਸਰਕਾਰ ਇਸ ਪਾਸਿਓਂ ਆਪਣੀ ਦਿਲਚਸਪੀ ਘਟਾਏਗੀ। ਤਤਕਾਲੀ ਪੰਜਾਬ ਸਰਕਾਰਾਂ ਨੂੰ ਵੇਲੇ ਸਿਰ ਫਸਲੀ ਵੰਨ-ਸਵੰਨਤਾ ਕਾਇਮ ਕਰਨੀ ਚਾਹੀਦੀ ਸੀ। ਇਸ ਨਾਲ ਸੂਬੇ ਦੇ ਕੁਦਰਤੀ ਸਰੋਤਾਂ ਨੂੰ ਵੀ ਘੱਟ ਨੁਕਸਾਨ ਪਹੁੰਚਦਾ ਅਤੇ ਕਿਸਾਨ ਵੀ ਕਰਜ਼ੇ ਦੀ ਮਾਰ ਤੋਂ ਬਚੇ ਰਹਿੰਦੇ ; ਇਸ ਦੇ ਨਾਲ ਹੀ ਸੂਬੇ ਦਾ ਮਾਲੀਆ ਵੀ ਬਚਿਆ ਰਹਿੰਦਾ। ਹੁਣ ਅਸੀਂ ਬਹੁਤ ਸਾਰੀਆਂ ਖਾਦਾਂ, ਕੀਟਨਾਸ਼ਕ, ਖੇਤੀ ਮਸ਼ੀਨਰੀ ਵਾਲਾ ਖਾਣ ਤੇਲ, ਫਲ ਤੇ ਸਬਜ਼ੀਆਂ ਪੈਸੇ ਖਰਚ ਕੇ ਦੂਜੇ ਸੂਬਿਆਂ ਤੋਂ ਮੰਗਵਾਉਂਦੇ ਹਾਂ। ਪੰਜਾਬ ਸਰਕਾਰ ਹਰ ਸਾਲ ਕਰੋੜਾਂ ਰੁਪਏ ਦੀ ਮੁਫਤ ਬਿਜਲੀ ਦੇ ਰੂਪ ਵਿਚ ਸਬਸਿਡੀ ਦੇ ਰਹੀ ਹੈ। ਸਾਲ 2023-24 ਵਿਚ ਇਹ ਕੋਈ 8284 ਕਰੋੜ ਰੁਪਏ ਦੇ ਆਸ-ਪਾਸ ਸੀ। ਇਹੀ ਪੈਸਾ ਫਸਲੀ ਵੰਨ-ਸਵੰਨਤਾ, ਨਹਿਰੀ ਸਿੰਜਾਈ ਦੀ ਮਜ਼ਬੂਤੀ, ਖੇਤੀ ਆਧਾਰਿਤ ਕਾਰਖਾਨੇ (ਸ਼ੂਗਰ ਮਿੱਲਾਂ, ਫਲ ਤੇ ਸਬਜ਼ੀਆਂ ਦੀ ਡੱਬਾਬੰਦੀ, ਪਸ਼ੂ ਫੀਡ, ਖਾਣ ਵਾਲੇ ਤੇਲ, ਕਪਾਹ ਆਧਾਰਿਤ ਉਦਯੋਗ) ਦੀ ਮਜ਼ਬੂਤੀ ਲਈ ਖਰਚੇ ਜਾ ਸਕਦੇ ਸਨ। ਇਸ ਨਾਲ ਪੰਜਾਬ ਦਾ ਪੈਸਾ ਪੰਜਾਬ ਵਿਚ ਹੀ ਖਰਚ ਹੋਣਾ ਸੀ। ਪੰਜਾਬ ਵਿਚ ਮੁਫਤ ਬਿਜਲੀ ਦੀ ਸਬਸਿਡੀ ਨਾਲ ਪੈਦਾ ਹੋਏ ਚੌਲ ਦਾ ਲਗਭਗ 83 ਪ੍ਰਤੀਸ਼ਤ ਦੂਜੇ ਸੂਬੇ ਲੈ ਜਾਂਦੇ ਹਨ ਜਿਸ ਦਾ ਸਮਰਥਨ ਮੁੱਲ ਮੁਫਤ ਬਿਜਲੀ ਕਰ ਕੇ ਘੱਟ ਮਿਥਿਆ ਜਾਂਦਾ ਹੈ।

ਇਸ ਤਰ੍ਹਾਂ ਦੂਜਿਆਂ ਸੂਬਿਆਂ ਨੂੰ ਸਸਤਾ ਅਨਾਜ ਪੰਜਾਬ ਤੋਂ ਮਿਲ ਰਿਹਾ ਹੈ ਅਤੇ ਪੰਜਾਬ ਖੁਦ ਕਰਜ਼ਈ ਹੋ ਰਿਹਾ ਹੈ। ਇਸ ਲਈ ਲੋੜ ਹੈ, ਪੰਜਾਬ ਨੂੰ ਆਪਣੀਆਂ ਜ਼ਰੂਰਤਾਂ ਅਨੁਸਾਰ ਦਾਲਾਂ, ਤੇਲ, ਕੱਪੜਾ, ਫਲ, ਸਬਜ਼ੀਆਂ ਜਿੱਥੋਂ ਤੱਕ ਹੋ ਸਕੇ, ਪੰਜਾਬ ਵਿਚ ਹੀ ਪੈਦਾ ਕੀਤੀਆਂ ਜਾਣ ਅਤੇ ਬਹੁਲਤਾ ਦੀ ਹਾਲਤ ਦੇ ਟਾਕਰੇ ਲਈ ਡੱਬਾਬੰਦੀ ਉਦਯੋਗ ਲਗਾਏ ਜਾਣ। ਇਸ ਨਾਲ ਸੂਬੇ ਦਾ ਮਾਲੀਆ ਤੇ ਕੁਦਰਤੀ ਸਰੋਤ ਤਾਂ ਬਚਣਗੇ ਹੀ, ਲੋਕਾਂ ਨੂੰ ਰੁਜ਼ਗਾਰ ਅਤੇ ਪੰਜਾਬ ਵਿਚ ਹੀ ਪੈਦਾ ਹੋਈਆਂ ਖੇਤੀ ਵਸਤਾਂ ਵੀ ਵਧੇਰੇ ਉਪਲਬਧ ਹੋਣਗੀਆਂ। ਇਸ ਲਈ ਸਰਕਾਰ ਨੂੰ ਵੱਖਰੇ-ਵੱਖਰੇ ਜ਼ੋਨ ਲਈ ਬਚਾਉਣੇ ਪੈਣਗੇ ਅਤੇ ਹਰ ਜ਼ੋਨ ਲਈ ਵੱਖਰੀ ਸਕੀਮ ਤੇ ਸਹਾਇਤਾ ਮੁਹੱਈਆ ਕਰਵਾਉਣੀ ਪਵੇਗੀ। ਇਸ ਪ੍ਰਕਾਰ ਕਣਕ-ਝੋਨੇ ਥੱਲੇ ਰਕਬਾ ਘਟੇਗਾ ਅਤੇ ਜ਼ਿਆਦਾ ਖੇਤੀ ਉਤਪਾਦ ਹੋਣਗੇ। ਇਨ੍ਹਾਂ ਵਿੱਚੋਂ ਚੰਗੀ ਕਿਸਮ ਦੇ ਉਤਪਾਦ ਦੂਜੇ ਸੂਬਿਆਂ ਜਾਂ ਦੇਸ਼ਾਂ ਨੂੰ ਬਰਾਮਦ ਕਰ ਕੇ ਧਨ ਕਮਾਇਆ ਜਾ ਸਕਦਾ ਹੈ।

ਪੰਜਾਬ ਦੇ 90 ਪ੍ਰਤੀਸ਼ਤ ਛੋਟੇ ਕਿਸਾਨ ਇਹ ਕੰਮ ਨਹੀਂ ਕਰ ਸਕਦੇ। ਇਸ ਲਈ ਪੰਜਾਬ ਸਰਕਾਰ ਨੂੰ ਮਾਰਕਫੈੱਡ, ਪਨਸਬ, ਪਨਗ੍ਰੇਨ ਵਰਗੇ ਅਦਾਰਿਆਂ ਨੂੰ ਨੋਡਲ ਮਹਿਕਮੇ ਵਾਂਗ ਸ਼ਾਮਲ ਕਰਨਾ ਚਾਹੀਦਾ ਹੈ। ਇਨ੍ਹਾਂ ਅਦਾਰਿਆਂ ਕੋਲ ਸਟਾਫ, ਸਾਧਨ ਅਤੇ ਤਕਨੀਕੀ ਮੁਹਾਰਤ ਹੈ ਜਿਸ ਨੂੰ ਕਣਕ ਝੋਨੇ ਦੀ ਖਰੀਦ ਤੋਂ ਇਲਾਵਾ ਇਸ ਪਾਸੇ ਵੀ ਲਗਾਇਆ ਜਾਵੇ। ਇਹ ਪੰਜਾਬ ਦੇ ਉਤਪਾਦਾਂ ਲਈ ਬਿਹਤਰ ਮੰਡੀਕਰਨ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਇਹੀ ਵਸਤਾਂ ਆਪਣੇ ਨੈੱਟਵਰਕ ਰਾਹੀਂ ਸੂਬੇ ਵਿਚ ਵੇਚੀਆਂ ਜਾ ਸਕਦੀਆਂ ਹਨ। ਭਰੋਸੇ ਅਤੇ ਗੁਣਵੱਤਾ ਵਧਣ ਨਾਲ ਇਨ੍ਹਾਂ ਦੀ ਮੰਗ ਵੀ ਵਧੇਗੀ। ਇਸ ਪ੍ਰਕਾਰ ਅਸੀਂ ਆਪਣੀ ਖੇਤੀ ਨੂੰ ਨਵਾਂ ਹੁਲਾਰਾ ਦੇ ਸਕਾਂਗੇ। ਇਸ ਨਾਲ ਕਿਸਾਨ, ਖਪਤਕਾਰ ਅਤੇ ਸੂਬੇ ਦੇ ਅਰਥਚਾਰੇ ਨੂੰ ਫਾਇਦਾ ਹੋਵੇਗਾ ਤੇ ਪੰਜਾਬ ਇਕ ਵਾਰ ਫਿਰ ਟਿਕਾਊ ਖੇਤੀ ਵਿਚ ਨਵੀਆਂ ਪੈੜਾਂ ਪਾਏਗਾ।

# ਯੂ.ਪੀ. ਦਾ ਜ਼ਹੀਰ ਖਾਨ ਪੰਜਾਬ ਦੇ ਕਿਸਾਨਾਂ ਲਈ ਬਣ ਰਿਹੈ ਪ੍ਰੇਰਣਾ ਸਰੋਤ

**★ ਲੀਚੀ ਦੀ ਬਾਗਬਾਨੀ ਕਰਕੇ ਕਮਾ ਰਿਹਾ ਚੋਖਾ ਮੁਨਾਫਾ ★ ਫ਼ਸਲੀ ਚੱਕਰ ਛੱਡ ਕੇ ਬਾਗਬਾਨੀ ਵੱਲ ਆਉਣ ਸੂਬੇ ਦੇ ਕਿਸਾਨ**

ਗੁਰਦਾਸਪੁਰ ਅਤੇ ਬਟਾਲਾ ਦੇ ਪੇਂਡੂ ਖੇਤਰ ਵਿੱਚ ਲੀਚੀ ਦੀ ਖੇਤੀ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ। ਲੀਚੀ ਉਗਾਉਣ ਵਾਲੇ ਕਿਸਾਨ ਇਸ ਨੂੰ ਇੱਕ ਲਾਭਦਾਇਕ ਸੌਦਾ ਦੱਸ ਰਹੇ ਹਨ। ਬਾਗਬਾਨੀ ਕਰ ਰਹੇ ਕਿਸਾਨਾਂ ਨੇ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਤੋਂ ਬਾਹਰ ਨਿਕਲਣ ਦੀ ਅਪੀਲ ਕੀਤੀ ਹੈ। ਬਟਾਲਾ ਦੇ ਗੁਰਦਾਸਪੁਰ ਬਾਈਪਾਸ 'ਤੇ ਲੀਚੀ ਦੇ ਬਾਗ ਤਿਆਰ ਕਰ ਰਹੇ ਜ਼ਹੀਰ ਖਾਨ ਨੇ ਗੁਰਦਾਸਪੁਰ ਵਿੱਚ 50 ਏਕੜ ਤੋਂ ਵੱਧ ਜ਼ਮੀਨ ਠੇਕੇ 'ਤੇ ਲਈ ਹੈ ਅਤੇ ਲੀਚੀ ਦੀ ਬਾਗਬਾਨੀ ਕੀਤੀ ਹੈ। ਇਸ ਦਾ ਨਤੀਜਾ ਇਹ ਹੈ ਕਿ ਬਹੁਤ ਸਾਰੇ ਕਿਸਾਨ ਉਸ ਨਾਲ ਸੰਪਰਕ ਕਰ ਰਹੇ ਹਨ ਅਤੇ ਆਪਣੀ ਜ਼ਮੀਨ 'ਤੇ ਲੀਚੀ ਦੇ ਬਾਗ ਲਗਾਉਣ ਲਈ ਅੱਗੇ ਆ ਰਹੇ ਹਨ।

ਜ਼ਹੀਰ ਖਾਨ ਨੇ ਕਿਹਾ ਕਿ ਉਹ ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦਾ ਰਹਿਣ ਵਾਲਾ ਹੈ। ਪਿਛਲੇ 40 ਸਾਲਾਂ ਤੋਂ ਉਹ ਗੁਰਦਾਸਪੁਰ ਅਤੇ ਬਟਾਲਾ ਵਿੱਚ ਠੇਕੇ 'ਤੇ ਜ਼ਮੀਨ ਲੈ ਕੇ ਲੀਚੀ ਦੀ ਬਾਗਬਾਨੀ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਲੀਚੀ ਦੀ ਖੇਤੀ ਇੱਕ ਬਹੁਤ ਹੀ ਲਾਭਦਾਇਕ ਸੌਦਾ ਹੈ,





ਬਸ਼ਰਤੇ ਪੌਦਿਆਂ ਦੀ ਸਹੀ ਦੇਖਭਾਲ ਅਤੇ ਪਾਲਣ-ਪੋਸ਼ਣ ਕੀਤਾ ਜਾਵੇ। ਇਸ ਖੇਤਰ ਵਿੱਚ ਦੇਹਰਾਦੂਨ ਅਤੇ ਕਲਕੱਤਾ ਦੀਆਂ ਲੀਚੀ ਕਿਸਮਾਂ ਉਗਾਈਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਦੇਹਰਾਦੂਨ ਲੀਚੀ ਪਹਿਲਾਂ ਪੱਕਦੀ ਹੈ ਅਤੇ ਕਲਕੱਤਾ ਲੀਚੀ ਬਾਅਦ ਵਿੱਚ। ਜ਼ਹੀਰ ਖਾਨ ਨੇ ਦੱਸਿਆ ਕਿ ਕਲਕੱਤਾ ਲੀਚੀ ਦਾ ਫਲ ਚੰਗਾ ਹੁੰਦਾ ਹੈ ਅਤੇ ਭਰਪੂਰ ਮਾਤਰਾ ਵਿੱਚ ਪੈਦਾ ਹੁੰਦਾ ਹੈ। ਉਸ ਨੇ ਦੱਸਿਆ ਕਿ ਇੱਥੇ ਪੈਦਾ ਹੋਣ ਵਾਲੀਆਂ ਲੀਚੀਆਂ ਦੀ ਮੰਗ ਇੰਨੀ ਜ਼ਿਆਦਾ ਹੈ ਕਿ ਉਹਨਾਂ ਤੋਂ ਮੰਗ ਕਦੇ ਖਤਮ ਨਹੀਂ ਹੁੰਦੀ।

**ਪੰਜਾਬ ਦੇ ਕਿਸਾਨਾਂ ਨੂੰ ਬਾਗਬਾਨੀ ਅਧੀਨ ਜ਼ਮੀਨ ਦਾ ਰਕਬਾ ਵਧਾਉਣ ਦੀ ਕੀਤੀ ਅਪੀਲ**

ਜ਼ਹੀਰ ਖਾਨ ਨੇ ਦੱਸਿਆ ਕਿ ਫਲਾਂ ਦੀ ਗੁਣਵੱਤਾ ਅਨੁਸਾਰ ਗਰੇਡਿੰਗ ਕੀਤੀ ਜਾਂਦੀ ਹੈ। ਏ-ਗ੍ਰੇਡ ਲੀਚੀਆਂ ਵਿਦੇਸ਼ਾਂ ਵਿੱਚ ਨਿਰਯਾਤ ਕੀਤੀਆਂ ਜਾਂਦੀਆਂ ਹਨ। ਬੀ-ਗ੍ਰੇਡ ਲੀਚੀਆਂ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਭੇਜੀਆਂ ਜਾਂਦੀਆਂ ਹਨ ਅਤੇ ਬਾਕੀ ਲੀਚੀਆਂ ਸਥਾਨਕ ਬਾਜ਼ਾਰ ਵਿੱਚ ਆਸਾਨੀ ਨਾਲ ਖਪਤ ਕੀਤੀਆਂ ਜਾਂਦੀਆਂ ਹਨ। ਜਿੱਥੇ ਉਹ ਅਤੇ ਉਸ ਦਾ ਪਰਿਵਾਰ ਇਸ ਕਿੱਤੇ ਵਿੱਚ ਕੰਮ ਕਰ ਰਿਹਾ ਹੈ, ਉੱਥੇ ਕੁਝ ਹੋਰ ਲੋਕਾਂ ਨੂੰ ਵੀ ਰੁਜ਼ਗਾਰ ਮਿਲਦਾ ਹੈ। ਜ਼ਹੀਰ ਖਾਨ ਨੇ ਪੰਜਬ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੀ ਵੱਧ ਤੋਂ ਵੱਧ ਬਾਗਬਾਨੀ ਅਧੀਨ ਆਪਣਾ ਜ਼ਮੀਨ ਦਾ ਰਕਬਾ ਲਿਆਉਣ ਅਤੇ ਖੁਦ ਮੰਡੀਕਰਨ ਕਰਨ।

**ਕਿਸਾਨ ਰਵਾਇਤੀ ਫ਼ਸਲਾਂ ਛੱਡ ਕੇ ਬਾਗਬਾਨੀ ਵੱਲ ਆਉਣ**

ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਕਿਹਾ ਕਿ ਕਿਸਾਨ ਰਵਾਇਤੀ ਫ਼ਸਲਾਂ ਨੂੰ ਛੱਡ ਕੇ ਬਾਗਬਾਨੀ ਵੱਲ ਧਿਆਨ ਦੇਣ। ਬਾਗਬਾਨੀ ਦੇ ਖੇਤਰ ਵਿੱਚ ਕਿਸਾਨਾਂ ਦਾ ਭਵਿੱਖ ਚੰਗਾ ਕਮਾਈ ਵਾਲਾ ਸਾਬਤ ਹੋਵੇਗਾ।

**ਖੇਤੀ ਖੇਤਰ ਵਿੱਚ ਡੇਅਰੀ ਦਾ ਕਿੱਤਾ ਜਿੱਥੇ ਪੇਂਡੂ ਜਨ-ਜੀਵਨ ਲਈ ਆਮਦਨੀ ਅਤੇ ਸਵੈ-ਰੁਜ਼ਗਾਰ ਪ੍ਰਦਾਨ ਕਰਦਾ ਹੈ, ਉੱਥੇ ਦੂਸਰੇ ਪਾਸੇ ਖਪਤਕਾਰ ਵਰਗ ਲਈ ਪੋਸ਼ਣ ਯੁਕਤ ਖਾਧ ਸੁਰੱਖਿਆ ਮੁਹੱਈਆ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਦੁੱਧ ਦੇ ਉਤਪਾਦਨ ਅਤੇ ਖਪਤ ਦੋਹਾਂ ਵਰਗਾਂ ਵਿੱਚ ਅਹਿਮੀਅਤ ਨੂੰ ਸਮਝਦੇ ਹੋਏ ਪੂਰੇ ਸੰਸਾਰ ਭਰ ਵਿੱਚ 1 ਜੂਨ ਦਾ ਦਿਹਾੜਾ ਵਿਸ਼ਵ ਦੁੱਧ ਦਿਵਸ ਵਜੋਂ ਮਨਾਇਆ ਜਾਂਦਾ ਹੈ। ਭਾਰਤ ਵਿੱਚ ਡੇਅਰੀ ਦੇ ਧੰਦੇ ਦੀ ਅੰਤਰਰਾਸ਼ਟਰੀ, ਰਾਸ਼ਟਰੀ, ਕਿਸਾਨੀ ਅਤੇ ਖਪਤਕਾਰ ਪੱਧਰ 'ਤੇ ਬਹੁਤ ਅਹਿਮ ਭੂਮਿਕਾ ਹੈ।**




## ਵਿਕਸਿਤ ਭਾਰਤ 2047 ਦੇ ਮਨੋਰਥ ਲਈ

# ਡੇਅਰੀ ਖੇਤਰ ਪ੍ਰਤੀ ਸਾਕਾਰਤਮਕ ਸੋਚ ਬਹੁਤ ਜ਼ਰੂਰੀ

ਡਾ. ਮਨਪ੍ਰੀਤ ਕੌਰ,
ਸਹਾਇਕ ਪ੍ਰੋਫੈਸਰ,
ਅਰਥ ਸ਼ਾਸਤਰ, ਬਾਬਾ ਫਰੀਦ ਲਾਅ ਕਾਲਜ, ਫਰੀਦਕੋਟ

### ਅੰਤਰਰਾਸ਼ਟਰੀ ਪੱਧਰ

ਅੰਤਰਰਾਸ਼ਟਰੀ ਪੱਧਰ 'ਤੇ ਦੁੱਧ ਉਤਪਾਦਨ ਖੇਤਰ ਵਿੱਚ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਸੰਨ 1997 ਤੋਂ ਲੈ ਕੇ ਹੁਣ ਤੱਕ ਭਾਰਤ ਵਿਸ਼ਵ ਭਰ ਵਿੱਚ ਸਭ ਤੋਂ ਵੱਡਾ ਦੁੱਧ ਉਤਪਾਦਕ ਦੇਸ਼ ਰਿਹਾ ਹੈ। ਭਾਰਤ ਦਾ ਇਹ ਮੋਹਰੀ ਸਥਾਨ ਸਫੈਦ ਕ੍ਰਾਂਤੀ ਦੇ ਪਿਤਾਮਾ ਡਾ. ਵਰਗੀਸ ਕੁਰੀਅਨ ਦੇ 1970 ਤੋਂ 1996 ਤੱਕ ਦੇ 26 ਸਾਲਾ ਓਪਰੇਸ਼ਨ ਫਲੱਡ ਪ੍ਰੋਗਰਾਮ ਦੇ ਸਫਲਤਾਪੂਰਵਕ ਯਤਨਾਂ ਸਦਕਾ ਹੀ ਸੰਭਵ ਹੋ ਸਕਿਆ। ਇਹ ਓਪਰੇਸ਼ਨ ਫਲੱਡ ਪ੍ਰੋਗਰਾਮ ਜੋਕਿ ਦੁਨੀਆਂ ਭਰ ਦਾ ਸਭ ਤੋਂ ਵੱਡਾ ਪੇਂਡੂ ਵਿਕਾਸ ਦਾ ਪ੍ਰੋਗਰਾਮ ਸੀ ਅਤੇ ਇਸ ਕਰਕੇ ਹੀ ਭਾਰਤ ਦੁੱਧ ਉਤਪਾਦਨ ਵਿੱਚ 1970 ਵਿੱਚ 50ਵੇਂ ਸਥਾਨ ਤੋਂ ਉਠ ਕੇ 1997 ਵਿੱਚ ਪਹਿਲੇ ਸਥਾਨ 'ਤੇ ਪਹੁੰਚ ਗਿਆ। ਵਰਤਮਾਨ ਵਿੱਚ ਵਿਸ਼ਵ ਦੇ ਕੁੱਲ ਦੁੱਧ ਉਤਪਾਦਨ (930 ਮਿਲੀਅਨ ਟਨ) ਵਿੱਚ ਇਕੱਲੇ ਭਾਰਤ ਦੇ ਦੁੱਧ ਉਤਪਾਦਨ (239.3 ਮਿਲੀਅਨ ਟਨ) ਦਾ ਤਕਰੀਬਨ 27 ਫੀਸਦੀ ਯੋਗਦਾਨ ਹੈ। ਵਿਸ਼ਵ ਭਰ ਦੀ 24 ਕਰੋੜ ਆਬਾਦੀ ਸਿੱਧੇ ਅਤੇ ਅਸਿੱਧੇ ਤੌਰ 'ਤੇ ਇਸ ਖੇਤਰ ਨਾਲ ਜੁੜੀ ਹੋਈ ਹੈ ਅਤੇ ਇਕੱਲੇ ਭਾਰਤ ਵਿੱਚ ਇਹ ਅੰਕੜਾ 8 ਕਰੋੜ ਦਾ ਹੋਣ ਕਾਰਨ ਸੰਸਾਰ ਦੀ ਇੱਕ-ਤਿਹਾਈ ਜਨਤਾ ਨੂੰ ਡੇਅਰੀ ਦੇ ਧੰਦੇ ਵਿੱਚ ਸਵੈ-ਰੁਜ਼ਗਾਰ ਪ੍ਰਦਾਨ ਕਰਨ ਦਾ ਸਿਹਰਾ ਭਾਰਤ ਦੇ ਸਿਰ ਜਾਂਦਾ ਹੈ। ਸੰਸਾਰ ਦੀ ਕੁੱਲ ਡੇਅਰੀ ਪਸ਼ੂਧਨ ਆਬਾਦੀ ਵਿੱਚ ਭਾਰਤ ਦਾ ਪਹਿਲਾ ਸਥਾਨ ਹੈ, ਕਿਉਂਕਿ ਭਾਰਤ ਵਿੱਚ ਸੰਸਾਰ ਭਰ ਦੀਆਂ 37 ਫੀਸਦੀ ਗਾਵਾਂ, 21 ਫੀਸਦੀ ਮੱਝਾਂ ਅਤੇ 26 ਫੀਸਦੀ ਬੱਕਰੀਆਂ ਦਾ ਪਾਲਣ ਕੀਤਾ ਜਾ ਰਿਹਾ ਹੈ। ਦੁੱਧ ਉਤਪਾਦਨ,




ਸਵੈ-ਰੁਜ਼ਗਾਰ ਅਤੇ ਕੁੱਲ ਪਸ਼ੂਧਨ ਆਬਾਦੀ ਵਿੱਚ ਮੋਹਰੀ ਸਥਾਨ ਹੋਣ ਤੋਂ ਇਲਾਵਾ ਭਾਰਤ ਦਾ ਦੁੱਧ ਦੇ ਖਪਤਕਾਰ ਦੇਸ਼ ਵਜੋਂ ਵੀ ਪਹਿਲਾ ਸਥਾਨ ਹੈ। ਸੰਸਾਰ ਭਰ ਦੀ 80 ਫੀਸਦੀ ਆਬਾਦੀ ਆਪਣੀਆਂ ਰੋਜ਼ਾਨਾ ਲੋੜਾਂ ਦੀ ਪੂਰਤੀ ਲਈ ਦੁੱਧ ਅਤੇ ਦੁੱਧ ਤੋਂ ਤਿਆਰ ਪਦਾਰਥਾਂ 'ਤੇ ਨਿਰਭਰ ਕਰਦੀ ਹੈ ਅਤੇ ਪੂਰੇ ਵਿਸ਼ਵ ਪੱਧਰ ਤੇ ਔਸਤਨ ਪ੍ਰਤੀ ਵਿਅਕਤੀ ਦੁੱਧ ਦੀ ਖਪਤ 324 ਗ੍ਰਾਮ ਪ੍ਰਤੀ ਦਿਨ ਹੈ, ਜਦਕਿ ਭਾਰਤ ਵਿੱਚ ਪ੍ਰਤੀ ਦਿਨ ਪ੍ਰਤੀ ਵਿਅਕਤੀ ਦੁੱਧ ਦੀ ਖਪਤ 471 ਗ੍ਰਾਮ ਹੈ।

### ਰਾਸ਼ਟਰੀ ਪੱਧਰ

ਜੇਕਰ ਰਾਸ਼ਟਰ ਪੱਧਰ ਤੇ ਡੇਅਰੀ ਦੇ ਕਿੱਤੇ ਦਾ ਅਧਿਐਨ ਕੀਤਾ ਜਾਵੇ ਤਾਂ ਇਸ ਦਾ ਮਹੱਤਵ ਹੋਰ ਵੱਧ ਜਾਂਦਾ ਹੈ ਕਿਉਂਕਿ ਖੇਤੀਬਾੜੀ ਤੋਂ ਹੋਣ ਵਾਲੀ ਕੁੱਲ ਆਮਦਨ ਵਿੱਚ ਡੇਅਰੀ ਦਾ ਯੋਗਦਾਨ 25 ਫੀਸਦੀ ਹੈ ਅਤੇ ਕੁੱਲ ਰਾਸ਼ਟਰੀ ਆਮਦਨ ਵਿੱਚ ਇਹ ਕਿੱਤਾ 5 ਫੀਸਦੀ ਆਮਦਨ ਦਾ ਯੋਗਦਾਨ ਪਾ ਰਿਹਾ ਹੈ। ਖੇਤੀ ਖੇਤਰ ਵਿੱਚ ਫ਼ਸਲਾਂ ਸਮੇਤ ਉਪਜੀਆਂ ਜਾਂਦੀਆਂ ਸਾਰੀਆਂ ਵਸਤਾਂ ਵਿੱਚ ਦੁੱਧ ਸਭ ਤੋਂ ਵੱਡੀ ਵਸਤੂ ਹੈ, ਜਿਸ ਦਾ ਖੇਤੀ ਖੇਤਰ ਵਿੱਚ ਉਪਜ ਵਸਤਾਂ ਅਤੇ ਫ਼ਸਲਾਂ ਦੀ ਕੁੱਲ ਕੀਮਤ ਵਿੱਚ 5 ਫੀਸਦੀ ਯੋਗਦਾਨ ਹੈ। ਇਸ ਤੋਂ ਇਲਾਵਾ ਦੇਸ਼ ਦੀ ਅੱਧ ਤੋਂ ਵੱਧ ਆਬਾਦੀ ਇਸ ਪੇਸ਼ੇ 'ਤੇ ਨਿਰਭਰ ਹੈ।

### ਉਤਪਾਦਕ ਪੱਧਰ

ਕਿਸਾਨੀ ਪੱਧਰ 'ਤੇ ਡੇਅਰੀ ਉਤਪਾਦਨ ਦਾ ਧੰਦਾ ਮੁੱਖ ਰੂਪ ਵਿੱਚ ਭੂਮੀਹੀਣ ਮਜਦੂਰਾਂ, ਸੀਮਾਂਤ (1 ਹੈਕਐਅਰ ਤੋਂ ਘੱਟ ਜਮੀਨ) ਅਤੇ ਛੋਟੇ ਕਿਸਾਨਾਂ (1-2 ਹੈਕਟੇਅਰ ਜਮੀਨ) ਲਈ ਵਰਦਾਨ ਹੈ। ਦੇਸ਼ ਵਿੱਚ 85 ਫੀਸਦੀ ਕਿਸਾਨ ਸੀਮਾਂਤ ਅਤੇ ਛੋਟੇ ਕਿਸਾਨ ਹਨ ਜਿਨ੍ਹਾਂ ਕੋਲ ਖੇਤੀਯੋਗ ਜੋਤਾਂ ਦੀ 46 ਫੀਸਦੀ ਮਲਕੀਅਤ ਹੈ। ਇਸ ਤਰ੍ਹਾਂ ਜ਼ਮੀਨ ਦੀ ਵੰਡ ਵਿੱਚ 53 ਫੀਸਦੀ ਅਸਮਾਨਤਾਵਾਂ ਪਾਈਆਂ ਜਾਂਦੀਆਂ ਹਨ, ਪਰ ਪੇਂਡੂ ਖੇਤਰ ਵਿੱਚ ਇਹ ਕੁੱਲ ਅਸਮਾਨਤਾਵਾਂ ਨੂੰ ਪਸ਼ੂ ਪਾਲਣ ਦੇ ਕਿੱਤੇ ਨਾਲ ਕਾਬੂ ਵਿੱਚ ਕੀਤਾ ਜਾਂਦਾ ਹੈ, ਕਿਉਂਕਿ ਗਾਵਾਂ ਪਾਲਣ ਵਿੱਚ ਇਹ ਅਸਮਾਨਤਾਵਾਂ 13 ਫੀਸਦੀ ਅਤੇ ਮੱਝਾਂ ਦੇ ਖੇਤਰ ਵਿੱਚ ਇਹ ਅੰਕੜਾ 20 ਫੀਸਦੀ ਹੈ। ਔਰਤਾਂ ਲਈ ਇਹ ਕਿੱਤਾ



ਹੋਰ ਵੀ ਜੀਵਨ ਰੇਖਾ ਸਾਬਿਤ ਹੁੰਦਾ ਹੈ ਕਿਉਂਕਿ ਇਸ ਕਿੱਤੇ ਵਿੱਚ 70 ਫੀਸਦੀ ਕਿਰਤ ਦੀ ਜ਼ਰੂਰਤ ਨੂੰ ਔਰਤਾਂ ਦੁਆਰਾ ਹੀ ਪੂਰਾ ਕੀਤਾ ਜਾਂਦਾ ਹੈ। ਇਸ ਖੇਤਰ ਵਿੱਚ ਔਰਤਾਂ ਦੀ ਭਾਗੀਦਾਰੀ ਬਾਕੀ ਸਭ ਕਿੱਤਿਆਂ ਦੇ ਮੁਕਾਬਲੇ ਜਿਆਦਾ ਹੈ। ਪੇਂਡੂ ਦੁੱਧ ਸਹਿਕਾਰੀ ਸਭਾਵਾਂ ਔਰਤਾਂ ਦੇ ਯੋਗਦਾਨ ਨੂੰ ਵਧਾਉਣ ਲਈ ਬਹੁਤ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਇਸ ਤਰ੍ਹਾਂ ਔਰਤਾਂ ਲਈ ਇਹ ਕਿੱਤਾ ਆਮਦਨੀ ਅਤੇ ਰੁਜ਼ਗਾਰ ਮੁਹੱਈਆ ਕਰਨ ਕਰਕੇ ਆਤਮ-ਸਨਮਾਨ ਦੇਣ ਵਿੱਚ ਵੀ ਸਹਾਈ ਹੁੰਦਾ ਹੈ। ਇਸ ਤਰ੍ਹਾਂ ਡੇਅਰੀ ਉਤਪਾਦਨ ਸੀਮਾਂਤ ਅਤੇ ਛੋਟੇ ਕਿਸਾਨਾਂ, ਭੂਮੀਹੀਣ ਮਜਦੂਰਾਂ ਅਤੇ ਔਰਤਾਂ ਲਈ ਇੱਕ ਵਧੀਆ ਕਮਾਈ ਦਾ ਸਾਧਨ ਹੈ। ਰਾਸ਼ਟਰੀ ਸੈਂਪਲ ਸਰਵੇ ਆਰਗੇਨਾਈਜੇਸ਼ਨ ਦੇ 70ਵੇਂ ਸਰਵੇਖਣ ਅਨੁਸਾਰ ਪਸ਼ੂ ਪਾਲਣ ਦੇ ਵੱਖ-ਵੱਖ ਧੰਦਿਆਂ ਤੋਂ ਹੋਣ ਵਾਲੀ ਆਮਦਨ ਵਿੱਚ ਡੇਅਰੀ ਉਤਪਾਦਨ ਤੋਂ ਹੋਣ ਵਾਲੀ ਆਮਦਨ ਦਾ ਯੋਗਦਾਨ 68.5 ਫੀਸਦੀ ਹੈ। ਦੂਸਰੇ ਪਾਸੇ 20ਵੀਂ ਪਸ਼ੂਧਨ ਜਨਗਣਨਾ 2019 ਦੇ ਅਨੁਸਾਰ ਕੁੱਲ ਪਸ਼ੂਆਂ ਦੀ ਆਬਾਦੀ ਦਾ 85 ਫੀਸਦੀ ਹਿੱਸਾ ਡੇਅਰੀ ਪਸ਼ੂਧਨ ਅਰਥਾਤ ਗਾਵਾਂ, ਮੱਝਾਂ ਅਤੇ ਬੱਕਰੀਆਂ ਦਾ ਹੈ।

### ਖਪਤਕਾਰ ਪੱਧਰ

ਉਤਪਾਦਕ ਦੁੱਧ ਉਤਪਾਦਨ ਤੋਂ ਬਾਅਦ ਜੇਕਰ ਖਪਤ ਦੀ ਗੱਲ ਕਰੀਏ ਤਾਂ ਦੁਨੀਆਂ ਦਾ ਸਭ ਤੋਂ ਵੱਡਾ ਖਪਤਕਾਰ ਦੇਸ਼ ਹੋਣ ਦੇ ਕਾਰਨ ਭਾਰਤੀ ਆਬਾਦੀ ਆਪਣੀ ਆਮਦਨ ਦਾ ਇੱਕ ਮਹੱਤਵਪੂਰਨ ਹਿੱਸਾ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ 'ਤੇ ਖਰਚ ਕਰਦੀ ਹੈ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਵਿਚਲੀ ਪੋਸ਼ਣ ਮਾਤਰਾ ਤੋਂ ਜਾਗਰੂਕ ਹੋਣ ਦੇ ਕਾਰਨ ਭਾਰਤੀ ਆਬਾਦੀ ਵਿੱਚ ਇਹਨਾਂ ਦੀ ਮੰਗ ਦਿਨੋਂ ਦਿਨ ਵੱਧ ਰਹੀ ਹੈ। ਰਾਸ਼ਟਰੀ ਸੈਂਪਲ ਸਰਵੇ ਆਰਗੇਨਾਈਜੇਸ਼ਨ ਦੀ ਰਿਪੋਰਟ ਅਨੁਸਾਰ ਭਾਰਤੀ ਜਨਤਾ ਆਪਣੀ ਰੋਜ਼ਾਨਾ ਕੁੱਲ ਆਮਦਨ ਦਾ 40 ਫੀਸਦੀ ਹਿੱਸਾ ਖੁਰਾਕੀ ਪਦਾਰਥਾਂ 'ਤੇ ਖਰਚ ਕਰਦੀ ਹੈ ਅਤੇ ਖਾਦ ਪਦਾਰਥਾਂ ਦੇ ਇਸ ਬਜਟ ਵਿੱਚੋਂ 70-75 ਫੀਸਦੀ ਹਿੱਸਾ ਸਿਰਫ ਦੁੱਧ ਅਤੇ ਦੁੱਧ ਤੋਂ ਤਿਆਰ ਪਦਾਰਥਾਂ 'ਤੇ ਖਰਚ ਕੀਤਾ ਜਾਂਦਾ ਹੈ।

### ਸਮੱਸਿਆਵਾਂ

ਭਾਵੇਂ ਦੁੱਧ ਅਤੇ ਇਸ ਤੋਂ ਤਿਆਰ ਪਦਾਰਥ ਉਤਪਾਦਨ ਅਤੇ ਖਪਤਕਾਰ ਦੋਵਾਂ ਵਰਗਾਂ ਲਈ ਹਰਮਨ ਪਿਆਰੇ ਹਨ, ਪਰ ਦੋਵੇਂ ਵਰਗਾਂ ਨੂੰ ਇਸ ਕਿੱਤੇ ਨਾਲ ਸਬੰਧਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵਿੱਚ ਗੰਭੀਰ ਸਮੱਸਿਆ ਨਕਲੀ ਦੁੱਧ ਦੇ ਉਤਾਦਨ ਦੀ ਹੈ। ਕੁਝ ਸਮਾਂ ਪਹਿਲਾਂ ਹੀ ਰਾਜਸਥਾਨ ਦੇ 97 ਫੀਸਦੀ ਦੁੱਧ ਦੇ ਸੈਂਪਲਾਂ ਵਿੱਚ ਮਿਲਾਵਟ ਪਾਈ ਗਈ। ਸਿੰਥੈਟਿਕ ਦੁੱਧ ਦਾ ਇਹ ਉਤਪਾਦਨ ਜੋ ਕਿ ਖਖਪਤਕਾਰਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ ਅਤੇ ਖਤਰਨਾਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ, ਉੱਥੇ ਹੀ ਨਕਲੀ ਦੁੱਧ ਦਾ ਇਹ ਉਤਪਾਦਨ ਅਸਲੀ ਦੁੱਧ ਦੀ ਮੰਗ ਘੱਟ ਕਰਕੇ ਕੀਮਤਾਂ ਵਿੱਚ ਗਿਰਾਵਟ ਆਉਣ ਦਾ ਇੱਕ ਵੱਡਾ ਕਾਰਨ ਹੈ। ਇਸ ਨਾਲ ਉਤਪਾਦਕ ਵਰਗ ਵਿੱਚ ਡੇਅਰੀ ਦਾ ਧੰਦਾ ਮੁਨਾਫੇ ਦੀ ਥਾਂ 'ਤੇ ਘਾਟੇ ਦਾ ਧੰਦਾ ਬਣ ਰਿਹਾ ਹੈ। ਦੇਸ਼ ਵਿੱਚ ਤਕਰੀਬਨ 70 ਫੀਸਦੀ ਦੁੱਧ ਨੂੰ ਅਸੰਗਠਿਤ ਕੜੀ ਜਿਸ ਵਿੱਚ ਮੁੱਖ ਰੂਪ ਵਿੱਚ ਦੋਧੀ, ਹਲਵਾਈ, ਪ੍ਰਾਈਵੇਟ ਅਨਰਜਿਸਟਰਡ ਡੇਅਰੀਆਂ ਆਦਿ ਸ਼ਾਮਿਲ ਹਨ, ਦੇ ਦੁਆਰਾ ਵੇਚਿਆ ਜਾਂਦਾ ਹੈ। ਇਸ ਤੋਂ ਇਲਾਵਾ ਉਤਪਾਦਕਾਂ ਅਤੇ ਖਪਤਕਾਰਾਂ ਦੇ ਵਿਚਕਾਰ ਮੰਡੀਕਰਨ ਵਿੱਚ ਦੋਧੀ, ਪ੍ਰਾਈਵੇਟ ਗੈਰ-ਰਜਿਸਟਰਡ ਡੇਅਰੀਆਂ ਆਦਿ ਵਿਚੋਲਿਆਂ ਦੀ ਗਿਣਤੀ ਵਧਣ ਨਾਲ ਜਿੱਥੇ ਇੱਕ ਪਾਸੇ ਪਿੰਡਾਂ ਵਿੱਚ ਦੁੱਧ ਉਤਪਾਦਕਾਂ ਤੋਂ ਸਸਤੇ ਭਾਅ 'ਤੇ ਦੁੱਧ ਖਰੀਦ ਕੇ ਉਤਪਾਦਕਾਂ ਦੀ ਲੁੱਟ ਕੀਤੀ ਜਾ ਰਹੀ ਹੈ, ਉੱਥੇ ਹੀ ਦੂਸਰੇ ਪਾਸੇ ਇਨ੍ਹਾਂ ਵਿਚੋਲਿਆਂ ਦੁਆਰਾ ਸ਼ਹਿਰਾਂ ਵਿੱਚ ਮਹਿੰਗੇ ਭਾਅ 'ਤੇ ਖਰੀਦਦਾਰਾਂ ਨੂੰ ਦੁੱਧ ਵੇਚ ਕੇ ਬਿਨ੍ਹਾਂ ਕੁਝ ਕੀਤੇ ਮੁਨਾਫਾ ਕੱਢ ਕੇ ਉਤਪਾਦਕਾਂ ਅਤੇ ਖਪਤਕਾਰਾਂ ਦਾ ਸ਼ੋਸ਼ਣ ਕਰਦੇ ਹਨ। ਇਸ ਤੋਂ ਇਲਾਵਾ ਪਸ਼ੂਆਂ ਲਈ ਵਰਤੇ ਜਾਂਦੇ ਚਾਰੇ, ਖਲ, ਫੀਡ ਆਦਿ ਦੀਆਂ ਕੀਮਤਾਂ ਵਿੱਚ ਹੋਣ ਵਾਲਾ ਵਾਧਾ ਵੀ ਕਿਸਾਨਾਂ ਲਈ ਇੱਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਡੇਅਰੀ ਖੇਤਰ ਵਿੱਚ ਆ ਰਹੀਆਂ ਮੁਸ਼ਕਿਲਾਂ 'ਤੇ ਕਾਬੂ ਪਾਉਣ ਲਈ ਸਭ ਤੋਂ ਪਹਿਲਾਂ ਦੁੱਧ ਦਾ ਘੱਟੋ-ਘੱਟ ਨਿਊਨਤਮ ਮੁੱਲ ਨਿਰਧਾਰਿਤ ਕਰਨਾ ਚਾਹੀਦਾ ਹੈ, ਜਿਸ ਦੇ ਤਹਿਤ ਕੋਈ ਵੀ ਖਰੀਦਦਾਰ ਇਸ ਮੁੱਲ ਤੋਂ ਘੱਟ ਮੁੱਲ 'ਤੇ ਦੁੱਧ ਨਾ ਖਰੀਦ ਸਕੇ। ਦੁੱਧ ਉਤਪਾਦਨ 'ਤੇ ਆਉਣ ਵਾਲੀਆਂ ਲਾਗਤਾਂ ਨੂੰ ਘੱਟ ਕਰਨ ਲਈ ਸਬਸਿਡੀ ਯੁਕਤ ਚਾਰਾ, ਫੀਡ ਖਲ ਅਤੇ ਸਿਹਤ ਸੇਵਾਵਾਂ ਦੀ ਵੀ ਪਹਿਲ ਦੇ ਆਧਾਰ 'ਤੇ ਜ਼ਰੂਰਤ ਹੈ। ਭਾਵੇਂ ਸਰਕਾਰ ਨੇ ਡੇਅਰੀ ਦੇ ਧੰਦੇ ਨੂੰ ਹੋਰ ਉਤਸ਼ਾਹਿਤ ਕਰਨ ਲਈ ਰਾਸ਼ਟਰੀ ਗੋਲਕ ਮਿਸ਼ਨ, ਰਾਸ਼ਟਰੀ ਪਸ਼ੂਧਨ ਮਿਸ਼ਨ, ਐਨੀਮਲ ਹਸਬੈਂਡਰੀ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ, ਲਾਇਵਸਟੋਕ ਹੈਲਥ ਅਤੇ ਕੰਟਰੋਲ ਪ੍ਰੋਗਰਾਮ ਆਦਿ ਵਰਗੇ ਪ੍ਰੋਗਰਾਮ ਵੀ ਚਲਾ ਰਹੀ ਹੈ। ਪਰ ਫਿਰ ਵੀ ਇਸ ਖੇਤਰ ਵੱਲ ਹੋਰ ਵੀ ਖਾਸ ਧਿਆਨ ਦੇਣ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਖਪਤਕਾਰ ਜਗਤ ਦੇ ਹਿੱਤਾਂ ਦੀ ਰਖੀ ਲਈ ਸਿੰਥੈਟਿਕ ਦੁੱਧ ਦੇ ਉਤਪਾਦਨ 'ਤੇ ਕਾਬੂ ਪਾਉਣ ਲਈ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਿਟੀ ਆਫ ਇੰਡੀਆ ਨੂੰ ਮਿਲਾਵਟਖੋਰਾਂ ਵੱਲ ਸਖਤ ਧਿਆਨ ਦੇਣ ਦੀ ਲੋੜ ਹੈ। ਅੰਤ ਵਿੱਚ ਵਿਕਸਿਤ ਭਾਰਤ 2047 ਦੇ ਮਨੋਰਥ ਨੂੰ ਪੂਰਾ ਕਰਨ ਲਈ ਡੇਅਰੀ ਦੀ ਆਰਥਿਕ ਵਿਕਾਸ ਵਿੱਚ ਅਹਿਮੀਅਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਕਿਉਂਕਿ ਦੇਸ਼ ਦੀ ਅੱਧ ਤੋਂ ਵੱਧ ਸੀਮਾਂਤ ਅਤੇ ਛੋਟੇ ਕਿਸਾਨਾਂ, ਭੂਮੀਹੀਣ ਮਜ਼ਦੂਰਾਂ ਅਤੇ ਔਰਤਾਂ ਦੀ ਆਬਾਦੀ ਇਸ ਪੇਸ਼ੇ 'ਤੇ ਨਿਰਭਰ ਹੈ।



# ਮਨੁੱਖਤਾ ਦੀ ਹੋਂਦ ਲਈ ਜ਼ਰੂਰੀ ਹੈ ਸੁਰੱਖਿਅਤ ਵਾਤਾਵਰਨ

ਗੁਰਵਿੰਦਰ ਸਿੰਘ ਭੱਟੀ
ਮੋ. 95922-01600

ਧਰਤੀ ਉੱਤੇ ਮਨੁੱਖਤਾ; ਜੀਵ-ਜੰਤੂ ਅਤੇ ਬਨਸਪਤੀ ਦੀ ਹੋਂਦ ਕਾਇਮ ਰੱਖਣ ਲਈ ਧਰਤੀ, ਜਲ ਅਤੇ ਵਾਤਾਵਰਣ ਦਾ ਸੁਰੱਖਿਅਤ ਰੱਖਣਾ ਜ਼ਰੂਰੀ ਹੈ । ਅਸੀਮ ਸੰਸਾਰ ਦੀ ਸਿਰਜਣਾ ਕਰਨ ਵਾਲੇ ਸ਼ੁਰੂਆਤੀ ਪੰਜ ਤੱਤਾਂ ਤੋਂ 'ਜਲ' ਨਾਯਾਬ ਤੱਤ ਹੈ। ਪ੍ਰਾਚੀਨ ਗ੍ਰੰਥ ਰਿਗਵੇਦ 'ਚ ਪਾਣੀ ਦੀ ਉਸਤਤ ਦੇ ਗੁਣਵੱਤਾ ਦਾ ਗੁਣਗਾਨ ਕੀਤਾ ਗਿਆ ਹੈ । ਜਲ ਹੀ ਜੀਵਨ ਹੈ । ਜਲ ਦੇ ਪ੍ਰਤੱਖ ਤਿੰਨ ਸਰੂਪ ਹਨ ਤਰਲ, ਠੋਸ ਤੇ ਗੈਸ । ਮਾਹਿਰਾਂ ਅਨੁਸਾਰ ਅਗਲਾ ਵਿਸ਼ਵ ਯੁੱਧ ਪਾਣੀ ਲਈ ਹੋ ਸਕਦਾ ਹੈ। ਇਸੇ ਕਰਕੇ ਸੰਯੁਕਤ ਰਾਸ਼ਟਰ ਸੰਘ (ਯੂ ਐੱਨ ਓ) ਕੋਲ 200 ਤੋਂ ਵੱਧ ਵੱਖ-ਵੱਖ ਦੇਸ਼ਾਂ ਦੇ ਪਾਣੀ ਦੇ ਹੱਲ ਕਰਨ ਯੋਗ ਕੇਸ ਪਏ ਹਨ। ਚੀਨ ਦੀ ਵੀ ਅੱਖ ਹਿਮਾਲਿਆ ਪਰਬਤ ਦੇ ਜੰਮੇ ਠੋਸ ਪਾਣੀਆਂ ਵੱਲ ਹੀ ਹੈ । ਵਿਸ਼ਵ ਦੀ ਅੱਧੀ ਵਸੋਂ ਯਾਨੀ 300 ਕਰੋੜ ਤੋਂ ਵੱਧ ਲੋਕ ਚੌਲ ਖਾਂਦੀ ਹੈ ਤੇ ਚੌਲਾਂ ਦੇ ਇਕ ਕਿੱਲੋ ਪੁੰਗਰਨ ਤੋਂ ਲੈ ਕੇ ਪੱਕਣ ਤੱਕ ਲਗਭਗ 3,000 ਲੀਟਰ ਪਾਣੀ ਦੀ ਲੋੜ ਪੈਂਦੀ ਹੈ । ਸਾਡੀ ਸਰੀਰ 'ਚ 70 ਫੀਸਦੀ ਪਾਣੀ ਹੈ । ਸਾਫ ਜਲ ਸਾਡੇ ਸਰੀਰ ਨੂੰ ਤੰਦਰੁਸਤ ਰੱਖਦਾ ਹੈ । ਦੂਸ਼ਿਤ ਪਾਣੀ ਪੀਣ ਨਾਲ ਸਰੀਰ ਨੂੰ ਦਸਤ, ਡਾਇਰੀਆ, ਪੀਲੀਆ ਆਦਿ ਭਿਆਨਕ ਬਿਮਾਰੀਆਂ ਲੱਗਦੀਆਂ ਹਨ। ਇਕ ਅੰਦਾਜ਼ੇ ਮੁਤਾਬਿਕ ਭਾਰਤ 'ਚ ਲਗਭਗ 230 ਕਿਊਬਿਕ ਕਿਲੋਮੀਟਰ ਪਾਣੀ ਹਰ ਸਾਲ ਵਰਤਿਆ ਜਾਂਦਾ ਹੈ, ਜੋ ਪੂਰੇ ਸੰਸਾਰ ਦਾ ਇਕ ਚੌਥਾਈ ਭਾਗ ਹੈ। ਇਸ ਅਨੁਮਾਨ ਅਨੁਸਾਰ ਭਾਰਤ 'ਚ ਤਕਰੀਬਨ ਹਰ ਵਿਅਕਤੀ ਨੂੰ ਰੋਜ਼ਾਨਾ 150 ਲੀਟਰ ਪਾਣੀ ਦੀ ਲੋੜ ਹੈ। ਜਲ ਦੀ ਸਾਂਭ-ਸੰਭਾਲ ਲਈ ਸੈਮੀਨਾਰ ਤੇ ਕਾਨਫਰੰਸਾਂ ਰਾਹੀਂ ਜਲ ਦੀ ਦੁਰਵਰਤੋਂ ਰੋਕਣ ਤੇ ਜਲ ਦੀ ਸੰਭਾਲ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਬੇਅੰਤ ਲੋੜ ਹੈ ।

### ਧਰਤੀ 'ਤੇ ਵਧਦੀ ਜਾ ਰਹੀ ਤਪਸ਼

ਧਰਤੀ ਦੇ ਆਕਾਰ ਭਾਵ ਪਹਾੜ, ਬਨਸਪਤੀ ਨੂੰ ਤੋੜ ਕੱਟ ਕੇ ਮਨੁੱਖ ਨੇ ਆਪਣੀ ਲਾਲਸਾ ਖਾਤਰ ਜਿੱਥੇ ਧਰਤੀ ਦਾ ਨੁਕਸਾਨ ਕੀਤਾ, ਨਾਲ ਹੀ ਜੀਵ-ਜੰਤੂਆਂ ਨੂੰ ਵੀ ਬਿਖੇਰ ਦਿੱਤਾ । ਪਿਛਲੇ 60 ਸਾਲਾਂ 'ਚ ਧਰਤੀ ਨਾਲ ਇੰਨੀ ਛੇੜਛਾੜ ਹੋਈ ਯਾਨੀ ਪ੍ਰਦੂਸ਼ਣ, ਕੁਦਰਤ ਨਾਲ ਛੇੜਛਾੜ, ਜੰਗਲਾਂ ਦੀ ਕਟਾਈ, ਖੇਤੀਯੋਗ ਭੂਮੀ ਤੇ ਇਮਾਰਤਾਂ ਦੀ ਉਸਾਰੀ ਅਤੇ ਇਹੀ ਪਰਿਵਰਤਨ ਪਿਛਲੇ 1500 ਸਾਲਾਂ ਵਿਚ ਨਹੀਂ ਹੋਇਆ ਸੀ ।

ਇਹ ਵਿਕਾਸ ਨਹੀਂ ਸਗੋਂ ਵਿਕਾਸ 'ਚ ਹੀ ਵਿਨਾਸ਼ ਹੈ । ਵੱਧ ਰਹੇ ਪ੍ਰਦੂਸ਼ਣ ਕਾਰਨ ਧਰਤੀ ਤੇ ਤਪਸ਼ ਵੱਧਦੀ ਜਾ ਰਹੀ ਹੈ, ਜਿਸ ਦੇ ਸਿੱਟੇ ਵਜੋਂ ਧਰਤੀ ਦੇ ਤਾਪਮਾਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ । ਨਤੀਜੇ ਵਜੋਂ ਗਰਮੀਆਂ ਦੀ ਰੁੱਤ ਵਿਚ ਲਗਾਤਾਰ ਵਾਧਾ, ਤਾਪਮਾਨ ਵਿਚ ਵਾਧਾ, ਬੇਮੌਸਮੀ ਬਰਸਾਤ, ਗਲੇਸ਼ੀਅਰ 'ਤੇ ਇਕੱਠੀ ਹੋਈ ਬਰਫ ਪਿਘਲ ਰਹੀ ਹੈ ਬਾਕੀ ਰਹਿੰਦੀ ਕਸਰ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ ਵਿਚ ਅਜਿਹੇ ਤੱਤ ਮੌਜੂਦ ਹਨ, ਜੋ ਜ਼ਮੀਨ (ਧਰਤੀ) ਨੂੰ ਰੋਗ ਲਗਾ ਰਹੇ ਹਨ ਤੇ ਫਸਲਾਂ ਰਾਹੀਂ ਮਨੁੱਖੀ ਸਿਹਤ ਲਈ ਖਤਰਨਾਕ ਜ਼ਹਿਰ ਮਨੁੱਖੀ ਸਰੀਰ 'ਚ ਦਾਖਲ ਹੋ ਰਿਹਾ ਹੈ। ਖੇਤੀ ਵਿਗਿਆਨੀਆਂ ਦੇ ਵਾਰ-ਵਾਰ ਸੁਚੇਤ ਕਰਨ 'ਤੇ ਵੀ ਪਸ਼ੂਆਂ ਦੇ ਚਾਰੇ ਵਿਚ ਵਧੇ ਲਈ ਪਾਈ ਜਾਣ ਵਾਲੀ ਨਾਈਟ੍ਰੋਜਨ ਪਸ਼ੂਆਂ 'ਚ ਭਿਆਨਕ ਰੋਗ ਪੈਦਾ ਕਰ ਰਹੀ ਹੈ ਤੇ ਮਨੁੱਖਾਂ ਨੂੰ ਵੀ ਦੁੱਧ ਰਾਹੀਂ ਕਈ ਭਿਆਨਕ ਬਿਮਾਰੀਆਂ ਲੱਗ ਰਹੀਆਂ ਹਨ । ਕਿਸਾਨ ਝੋਨੇ ਤੇ ਕਣਕ ਦੀ ਨਾੜ ਨੂੰ ਅੱਗ ਲਗਾਉਣ ਤੋਂ ਵੀ ਪਰਹੇਜ਼ ਨਹੀਂ ਕਰ ਰਹੇ । ਇਸ ਨਾਲ ਧਰਤੀ ਦੀ ਉਪਜਾਊ ਸ਼ਕਤੀ, ਸੜਕ ਨਾਲ ਖੜ੍ਹੇ ਦਰੱਖਤ ਤੇ ਉੱਗ ਰਹੇ ਬੂਟੇ ਵੀ ਸੜਦੇ ਹਨ । ਇਕ ਅਨੁਮਾਨ ਅਨੁਸਾਰ ਪੰਜਾਬ ਦਾ ਵਣ ਹੇਠ ਰਕਬਾ ਹੁਣ ਤੱਕ 7.5 ਫੀਸਦੀ ਹੈ, ਜਦੋਂਕਿ ਲੋੜ 33 ਫੀਸਦੀ ਦੀ ਹੈ। ਜੇ ਪੰਜਾਬ ਦੀ ਧਰਤੀ ਦਾ ਵਣ ਹੇਠ ਰਕਬਾ 25 ਤੋਂ 30 ਫੀਸਦੀ ਤਕ ਵੀ ਹੋ ਜਾਵੇ, ਤਾਂ ਸਾਨੂੰ ਪੰਜਾਬ 'ਚ ਭਰ ਗਰਮੀਆਂ ਦੇ ਮਹੀਨੇ ਜੂਨ-ਜੁਲਾਈ ਵਿਚ ਏ ਸੀ, ਕੂਲਰ ਲਗਾਉਣ ਦੀ ਲੋੜ ਨਹੀਂ ਪਵੇਗੀ ਅਤੇ ਧਰਤੀ ਦਾ ਕੁਦਰਤੀ ਸੰਤੁਲਨ ਵੀ ਠੀਕ ਰਹੇਗਾ । ਮਨੁੱਖ ਨੇ ਆਪਣੀ ਲਾਲਸਾ ਕਾਰਨ ਧਰਤੀ ਦੀ ਚਮੜੀ ਨੂੰ ਰੋਗੀ ਬਣਾ ਰਿਹਾ ਹੈ । ਇਕ ਅਨੁਮਾਨ ਅਨੁਸਾਰ ਪੂਰੇ ਵਿਸ਼ਵ ਵਿਚ ਵੱਧ ਰਹੇ ਪ੍ਰਦੂਸ਼ਣ ਨੂੰ ਘਟਾਉਣ ਲਈ 100 ਕਰੋੜ ਰੁੱਖ ਲਗਾਉਣੇ ਜ਼ਰੂਰੀ ਹਨ ।

### ਓਜ਼ੋਨ ਪਰਤ 'ਚ ਲਗਾਤਾਰ ਹੁੰਦੇ ਜਾ ਰਹੇ ਛੇਦ

ਵਾਤਾਵਰਨ ਸੁਰੱਖਿਆ ਤੋਂ ਭਾਵ ਧਰਤੀ ਤੇ ਵਾਯੂਮੰਡਲ ਦੀ ਸੁਰੱਖਿਆ ਯਾਨੀ ਜ਼ਹਿਰੀਲੀਆਂ ਗੈਸਾਂ ਨੂੰ ਰੋਕਣ ਤੋਂ ਹੈ । ਜੋ ਵਾਯੂਮੰਡਲ ਤੇ ਧਰਤੀ ਦੇ ਤਾਪਮਾਨ ਵਿਚ ਲਗਾਤਾਰ ਵਾਧਾ ਕਰ ਰਹੀਆਂ ਹਨ। ਜ਼ਹਿਰੀਲੀਆਂ ਗੈਸਾਂ ਮੀਥੇਨ, ਕਾਰਬਨ ਡਾਈਆਕਸਾਈਡ, ਨਿਊਟ੍ਰੋਨ, ਕਾਰਬਨ ਮੋਨੋਆਕਸਾਈਡ ਗੈਸਾਂ ਵਧਣ ਕਾਰਨ ਗਲੋਬਲ ਵਾਰਮਿੰਗ ਭਾਵ ਗਰੀਨ ਹਾਊਸ 'ਤੇ ਵੀ ਪ੍ਰਭਾਵ ਵੱਧਦਾ ਹੈ । ਅਮਰੀਕਾ ਦੀ ਯੇਲ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ ਦਿੱਲੀ ਪੂਰੇ ਵਿਸ਼ਵ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਹੈ । ਹਵਾ ਪ੍ਰਦੂਸ਼ਣ ਵਿਚ ਪਾਰਲੀਕੁਲੇਟ ਮੈਟਰ (ਪੀ ਐੱਮ) ਤੈਰਨ ਵਾਲੇ ਸੂਖਮ ਠੋਸ ਕਣ ਹੁੰਦੇ ਹਨ, ਜੋ ਲੰਬਾ ਸਮਾਂ ਹਵਾ ਵਿਚ ਤੈਰਦੇ ਰਹਿੰਦੇ ਹਨ। ਇਹ ਨੱਕ ਰਾਹੀਂ ਜਾਂ ਸਾਹ ਰਾਹੀਂ ਫੇਫੜਿਆਂ ਤੇ ਹਮਲਾ ਕਰ ਕੇ ਮਨੁੱਖੀ ਸਰੀਰ ਨੂੰ ਦਮਾ, ਦਿਲ ਦੇ ਰੋਗ, ਸਾਹ ਨਲੀ ਦੀ ਬਿਮਾਰੀ ਨੂੰ ਸੱਦਾ ਦਿੰਦੇ ਹਨ । ਹਵਾ ਪ੍ਰਦੂਸ਼ਣ ਦਾ ਪ੍ਰਮੁੱਖ ਕਾਰਨ ਪਾਰਲੀਕੁਲੇਟ ਮੈਟਰ (ਪੀ ਐੱਮ) ਹੈ । ਹਵਾ ਦੇ ਦੂਸ਼ਿਤ ਹੋਣ ਕਾਰਨ 15 ਸਾਲਾਂ ਤੋਂ ਪੁਰਾਣਾ ਵ੍ਹੀਕਲ ਤੋਂ ਨਿਕਲਦਾ ਧੂੰਆ, ਫੈਕਟਰੀਆਂ ਦਾ ਧੂੰਆਂ, ਦਰੱਖਤਾਂ ਦੀ ਕਟਾਈ, ਕਿਸਾਨਾਂ ਦੁਆਰਾ ਝੋਨੇ ਤੇ ਕਣਕ ਦੀ ਨਾੜ ਨੂੰ ਅੱਗ ਇੰਨ੍ਹਾਂ ਸਭ ਕਾਰਨਾਂ ਕਰਕੇ ਵਾਯੂਮੰਡਲ ਦੀ ਓਜ਼ੋਨ ਪਰਤ 'ਚ ਲਗਾਤਾਰ ਛੇਦ ਹੁੰਦੇ ਜਾ ਰਹੇ ਹਨ । ਇਸ ਲਈ ਆਓ ਅੱਜ ਤੋਂ ਪ੍ਰਣ ਕਰੀਏ ਕਿ ਅਸੀਂ ਧਰਤੀ, ਜਲ ਤੇ ਵਾਤਾਵਰਨ ਦੀ ਸੁਰੱਖਿਆ ਕਰੀਏ ।

### ਵਾਯੂਮੰਡਲ

ਵਾਯੂਮੰਡਲ ਦੀ ਓਜ਼ੋਨ ਪਰਤ ਸੂਰਜ ਤੋਂ ਆ ਰਹੀਆਂ ਪਰਾਬੈਂਗਣੀ ਕਿਰਨਾਂ ਨੂੰ ਰੋਕਦੀ ਹੈ ਪਰ ਰੋਕਣ ਵਾਲੀ ਪਰਤ ਨਸ਼ਟ ਹੁੰਦੀ ਜਾ ਰਹੀ ਹੈ । ਯੂ ਐੱਨ ਓ ਦੇ ਵਿਗਿਆਨੀਆਂ ਅਨੁਸਾਰ ਪਿਛਲੇ 50 ਸਾਲਾਂ ਵਿਚ ਓਜ਼ੋਨ ਪਰਤ ਨੂੰ 20 ਤੋਂ 30 ਫੀਸਦੀ ਵਧੇਰੇ ਨੁਕਸਾਨ ਪੁੱਜਿਆ ਹੈ। ਪ੍ਰਦੂਸ਼ਣ ਕਾਰਨ ਪੰਜਾਬ ਵਿਚ ਘਰੇਲੂ ਚਿੜੀ, ਮੋਰ, ਬਟੇਰੇ, ਮੁਰਗੋਈ, ਹੰਸ ਤੇ ਬੱਤਖ, ਕਮਾਦੀ ਕੁੱਕੜ ਲੋਪ ਹੋਣ ਦੇ ਕੰਢੇ 'ਤੇ ਆ ਖੜ੍ਹੇ ਹਨ । ਜੇ ਇਨਸਾਨ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਜ਼ਿੰਦਾ ਚਾਹੁੰਦਾ ਹੈ ਤਾਂ ਧਰਤੀ, ਜਲ ਅਤੇ ਵਾਤਾਵਰਨ ਦੀ ਸੰਭਾਲ ਕਰੇ ।

# ਸੰਯੁਕਤ ਮੱਛੀ ਪਾਲਨ ਰਾਹੀਂ ਜਗ੍ਹਾ ਤੇ ਸਰੋਤਾਂ ਦੀ ਸੁਚੱਜੀ ਵਰਤੋਂ

ਰਜਿੰਦਰ ਕੌਰ ਤੇ ਹਰਜੋਤ ਸਿੰਘ ਸੋਹੀ, ਕ੍ਰਿਸ਼ੀ ਵਿਗਿਆਨ ਕੇਂਦਰ ਬਰਨਾਲਾ, ਮੋਬਾਇਲ : 7589110085

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਿਸ ਵਿਚ ਕਣਕ, ਝੋਨਾ, ਸਬਜ਼ੀਆਂ, ਫਲ ਆਦਿ ਦੀ ਖੇਤੀ ਹੁੰਦੀ ਹੈ। ਪਰ ਖੇਤੀ ਦੇ ਨਾਲ-ਨਾਲ ਹੋਰ ਮੁਨਾਫਾ ਵਧਾਉਣ ਲਈ ਸਹਾਇਕ ਖੇਤੀ ਵਿਚ ਦੋ ਜਾਂ ਦੋ ਤੋਂ ਵੱਧ ਖੇਤੀ ਪ੍ਰਣਾਲੀਆਂ ਦਾ ਸੁਮੇਲ ਹੁੰਦਾ ਹੈ। ਇਕ ਪ੍ਰਣਾਲੀ ਦੇ ਵਿਅਰਥ ਪਦਾਰਥ ਨੂੰ ਦੂਜੀ ਪ੍ਰਣਾਲੀ 'ਚ ਖੁਰਾਕ ਜਾਂ ਖਾਦ ਵਜੋਂ ਵਰਤਿਆ ਜਾਂਦਾ ਹੈ । ਸੰਯੁਕਤ ਖੇਤੀ ਵਿਚ ਇਕ ਕਿੱਤਾ ਮੁੱਖ ਹੁੰਦਾ ਹੈ ਤੇ ਬਾਕੀ ਕਿੱਤੇ ਉਸ ਨਾਲ ਸੰਬੰਧਿਤ ਹੁੰਦੇ ਹਨ। ਉਦਾਹਰਨ ਵਜੋਂ ਮੱਛੀ ਪਾਲਣ, ਪਸ਼ੂ ਪਾਲਣ, ਬਾਗਬਾਨੀ ਜਾਂ ਖੇਤੀਬਾੜੀ ਨੂੰ ਸ਼ਾਮਿਲ ਕਰਕੇ ਸੰਯੁਕਤ ਖੇਤੀ ਕੀਤੀ ਜਾ ਸਕਦੀ ਹੈ । ਮੱਛੀ ਤਲਾਅ ਦੇ ਉੱਪਰ ਮੁਰਗੀਆਂ ਦਾ ਸ਼ੈੱਡ ਜਾਂ ਤਲਾਅ ਦੇ ਬੰਨ੍ਹ 'ਤੇ ਬੱਕਰੀਆਂ, ਸੂਰਾਂ ਜਾਂ ਮੱਝਾਂ ਦਾ ਸ਼ੈੱਡ ਪਾ ਕੇ ਪਸ਼ੂ ਪਾਲਣ ਕਰਨਾ ਸੰਯੁਕਤ ਮੱਛੀ ਪਾਲਣ ਵਿਚ ਸ਼ਾਮਿਲ ਹੈ । ਪਸ਼ੂਆਂ ਦੇ ਮਲ-ਮੂਤਰ ਜਾਂ ਬਿੱਠਾਂ ਨੂੰ ਤਲਾਅ 'ਚ ਖਾਦ ਜਾਂ ਮੱਛੀ ਦੀ ਖੁਰਾਕ ਵਜੋਂ ਵਰਤਣ ਨਾਲ ਮੱਛੀ ਪਾਲਣ 'ਚ ਸਾਲਾਨਾ ਹੋਣ ਵਾਲੇ ਖਰਚੇ ਵਿਚ 50-60% ਤੱਕ ਬੱਚਤ ਹੁੰਦੀ ਹੈ। ਤਲਾਅ ਦੇ ਪਾਣੀ 'ਚ ਬਹੁਤ ਸਾਰੇ ਲੋੜੀਂਦੇ ਤੱਤ ਮੌਜੂਦ ਹੁੰਦੇ ਹਨ, ਜਿਸ ਦੀ ਵਰਤੋਂ ਲਗਾਏ ਹੋਏ ਬੂਟਿਆਂ ਜਾਂ ਖੇਤਾਂ ਨੂੰ ਪਾਣੀ ਦੇਣ ਲਈ ਲਾਭਕਾਰੀ ਹੈ । ਵੱਧ ਮਲ-ਮੂਤਰ ਨੂੰ ਸਲੱਜ ਪਿੱਟ 'ਚ ਇਕੱਠਾ ਕਰੋ, ਇਸ ਤੋਂ ਬਣੀ ਖਾਦ ਫਸਲਾਂ, ਸਬਜ਼ੀਆਂ, ਫੁੱਲਾਂ ਆਦਿ ਵਿਚ ਵਰਤਣ ਲਈ ਲਾਹੇਵੰਦ ਹੈ ।

### ਸੰਯੁਕਤ ਮੱਛੀ ਪਾਲਣ ਦੇ ਸਫਲ ਮਾਡਲ

**1. ਮੱਛੀ ਤੇ ਡੇਅਰੀ ਫਾਰਮਿੰਗ** : ਪਿੰਡਾਂ ਵਿਚ ਪਸ਼ੂਆਂ (ਗਊਆਂ ਤੇ ਮੱਝਾਂ) ਦੇ ਸੁਚੱਜੇ ਸੁਮੇਲ ਦੌਰਾਨ ਪਸ਼ੂਆਂ ਦਾ ਮਲ-ਮੂਤਰ ਤਲਾਅ ਵਿਚ ਖਾਦ ਵਜੋਂ ਵਰਤਿਆ ਜਾਂਦਾ ਹੈ । ਪਸ਼ੂਆਂ ਦੀ ਬਚੀ-ਖੁਚੀ ਖੁਰਾਕ ਜਿਵੇਂ ਕਿ ਰਾਈਸ ਬਰਾਨ, ਵੀਟ ਬਰਾਨ ਅਤੇ ਖਲਾਂ (ਸਰ੍ਹੋਂ, ਸੋਇਆਬੀਨ, ਮੂੰਗਫਲੀ ਆਦਿ) ਨੂੰ ਮੱਛੀ ਦੀ ਖੁਰਾਕ ਲਈ ਵਰਤੀ ਜਾਂਦੀ ਹੈ। ਪਸ਼ੂਆਂ ਦੇ ਬਚੇ ਹਰੇ ਚਾਰੇ ਨੂੰ ਗਰਾਸ ਕਾਰਪ ਦੀ ਖੁਰਾਕ ਵਜੋਂ ਵਰਤਿਆ ਜਾਂਦਾ ਹੈ।

**2. ਮੱਛੀ ਅਤੇ ਮੁਰਗੀ ਪਾਲਣ** : ਮੁਰਗੀਖਾਨਾ ਤਲਾਅ ਦੇ ਕੰਢੇ ਤਾਂ



ਤਲਾਅ ਦੇ ਉੱਪਰ ਬਣਾਓ । ਜੇਕਰ ਮੁਰਗੀਖਾਨਾ ਤਲਾਅ ਦੇ ਉੱਪਰ ਬਣਾਇਆ ਜਾਵੇ ਤਾਂ ਇਸ ਨਾਲ ਮੁਰਗੀਆਂ ਦੀਆਂ ਬਿੱਠਾਂ ਸਿੱਧੀਆਂ ਹੀ ਤਲਾਅ 'ਚ ਡਿੱਗ ਜਾਂਦੀਆਂ ਹਨ ਤੇ ਮੁਰਗੀਖਾਨਾ ਬਣਾਉਣ ਲਈ ਵਾਧੂ ਜ਼ਮੀਨ ਦੀ ਲੋੜ ਨਹੀਂ ਪੈਂਦੀ । ਮੱਛੀ ਤਲਾਅ ਦੇ ਉੱਪਰ ਬਣਾਏ ਗਏ ਮੁਰਗੀਖਾਨੇ 'ਚ ਬਿੱਠਾਂ ਦੀ ਢੋ-ਢੁਆਈ ਲਈ ਲੋੜੀਂਦੀ ਮਜ਼ਦੂਰੀ ਵੀ ਬਚਦੀ ਹੈ ।

**3. ਮੱਛੀ ਅਤੇ ਸੂਰ ਪਾਲਣ** : ਸੂਰਾਂ ਦਾ ਮਲ-ਮੂਤਰ ਮੱਛੀ ਪਾਲਣ ਵਿਚ ਖਾਦ ਤੇ ਖੁਰਾਕ ਵਜੋਂ ਵਰਤਣ ਲਈ ਸਿਫਾਰਸ਼ ਕੀਤੀ ਜਾਂਦੀ ਹੈ । ਇਸ ਵਿਚ ਸੂਰਾਂ ਦੀ ਖੁਰਾਕ ਦੇ ਅਣਪਚੇ ਕਣ ਜ਼ਿਆਦਾ ਮਾਤਰਾ ਵਿਚ ਮੌਜੂਦ ਹੁੰਦੇ ਹਨ, ਜੋ ਮੱਛੀ ਦੀ ਖੁਰਾਕ ਵਜੋਂ ਕੰਮ ਆਉਂਦੇ ਹਨ। ਸੂਰਾਂ ਦੇ ਸ਼ੈੱਡ ਨੂੰ ਤਲਾਅ ਦੇ ਨੇੜੇ ਬਣਾਓ, ਤਾਂ ਜੋ ਇਸ ਦੀ ਸਫਾਈ ਦੌਰਾਨ ਗੋਹਾ, ਮਲ-ਮੂਤਰ ਤੇ ਬਚੀ-ਖੁਚੀ ਖੁਰਾਕ, ਪਾਣੀ ਆਦਿ ਸਿੱਧੇ ਤੌਰ 'ਤੇ ਤਲਾਅ ਵਿਚ ਆ ਸਕੇ।


**4. ਖੇਤੀਬਾੜੀ ਅਤੇ ਮੱਛੀ ਪਾਲਣ** : ਮੱਛੀ ਤਲਾਅ ਦੀਆਂ ਵੱਟਾਂ 'ਤੇ ਹਰੀਆਂ ਸਬਜ਼ੀਆਂ (ਮੂਲੀ, ਬੰਦ ਗੋਭੀ, ਫੁੱਲ ਗੋਭੀ, ਸਰ੍ਹੋਂ, ਪਾਲਕ, ਕੱਦੂ, ਤੋਰੀਆ, ਖੀਰਾ ਆਦਿ) ਤੇ ਫੁੱਲ ਵੀ ਲਗਾਏ ਜਾ ਸਕਦੇ ਹਨ । ਇਨ੍ਹਾਂ ਤੋਂ ਪ੍ਰਾਪਤ ਵਾਧੂ ਪੱਤਿਆਂ ਨੂੰ ਗਰਾਸ ਕਾਰਪ ਦੀ ਖੁਰਾਕ ਵਜੋਂ ਵਰਤਿਆ ਜਾਂਦਾ ਹੈ । ਇਸ ਤੋਂ ਇਲਾਵਾ ਤਲਾਅ ਦੇ ਕਿਨਾਰਿਆਂ ਤੇ ਕੇਲੇ, ਨਿੰਬੂ, ਕਿੰਨੂ ਆਦਿ ਦੇ ਦਰੱਖਤ ਵੀ ਲਗਾਏ ਜਾ ਸਕਦੇ ਹਨ ।

### ਸੰਯੁਕਤ ਮੱਛੀ ਪਾਲਣ 'ਚ ਕੁੱਝ ਧਿਆਨ ਦੇਣ ਯੋਗ ਗੱਲਾਂ

1. ਸਿਫਾਰਸ਼ ਕੀਤੀ ਗਿਣਤੀ ਤੋਂ ਵੱਧ ਪਸ਼ੂ/ਮੁਰਗੀਆਂ ਦੀ ਰਹਿੰਦ-ਖੂੰਹਦ ਤਲਾਅ ਵਿਚ ਨਾ ਪਾਓ ।
2. ਬਿਮਾਰੀ ਦੀ ਸੂਰਤ ਵਿਚ ਕਿਸੇ ਵੀ ਪਸ਼ੂ ਦਾ ਰਹਿੰਦ-ਖੂੰਹਦ ਤਲਾਅ ਵਿਚ ਨਾ ਪਾਓ ।
3. ਤਲਾਅ 'ਚ ਜ਼ਿਆਦਾ ਕਾਈ ਬਣਨ 'ਤੇ ਪਸ਼ੂਆਂ ਦੀ ਰਹਿੰਦ-ਖੂੰਹਦ ਨੂੰ ਤਲਾਅ 'ਚ ਪਾਉਣਾ ਆਰਜ਼ੀ ਤੌਰ 'ਤੇ ਰੋਕ ਦਿਓ ।
4. ਛੋਟੇ ਬੱਚ ਵਾਲੇ ਤਲਾਅ ਵਿਚ ਬੱਤਖਾਂ ਨਾ ਛੱਡੋ ।
5. ਬੱਦਲਵਾਹੀ, ਮੀਂਹ, ਸਰਦੀਆਂ ਦੇ ਮੌਸਮ 'ਚ ਰਹਿੰਦ-ਖੂੰਹਦ ਨੂੰ ਤਲਾਅ ਵਿਚ ਨਾ ਪਾਓ ।



DISHA
INDIAN AIR FORCE
CBC 10801/13/0009/2526
Where passio
Entry
Air Force Common Admission Test (AFCAT) Entry
NCC Special Entry
Branches
Flying/ Technical/ Weapon Systems/ Administration/ Logistics/ Accounts/ Education/ Meteorology
Flying (NCC Air Win
'C' certificate is ma
AFCAT Entry: Registration and online exam mandatory
NCC Special Entry: Registration mandatory but no online exam
Registrations are o
For more details, vi
DISHA Cell, Air Headquarters, Vayu Bhawan, Motilal Nehru Marg, New Delhi - 110106 | Tel: 011-2301369


Join the
INDIAN AIR FORCE
AFCAT 02/2025 Registrations are open till 1 July 2025
on takes flight
For updates, follow us on
g
ndatory)
pen from 2 June 2025 till 1 July 2025
sit: careerairforce.gov.in and afcat.cdac.in
90 | Toll-free No.: 1800-11-2448 | Email: career.iaf@nic.in
Aadhaar card is mandatory for online registration

# ਅਮਰੀਕਾ ਦੀ ਰਾਜਧਾਨੀ - ਵਾਸ਼ਿੰਗਟਨ

ਅਮਰੀਕਾ ਦੀਆਂ ਮੁੱਖ ਸੜਕਾਂ ਬਹੁਤ ਸੁੰਦਰ ਹਨ । ਸੜਕਾਂ ਦੇ ਵਿਚਕਾਰ ਫੁੱਲਾਂ ਵਾਲੇ ਦਰਖਤ ਹੁੰਦੇ ਹਨ ਉਂਝ ਵੀ ਸੜਕ ਦੇ ਦੋਵੀਂ ਪਾਸੇ ਚੋਖੇ ਦਰਖਤ ਹਨ । ਹਰ ਪਾਸੇ ਘਾਹ ਹੀ ਘਾਹ ਦਿਖਾਈ ਦਿੰਦਾ ਸੀ । ਮਿੱਟੀ ਘੱਟੇ ਦਾ ਤਾਂ ਕਿਤੇ ਨਾਮੋ ਨਿਸ਼ਾਨ ਹੀ ਨਹੀਂ ਸੀ । ਸਾਡੇ ਰਸਤੇ ਵਿਚ ਸਭ ਤੋਂ ਪਹਿਲਾਂ ਬਰਹਿਗਮਟਨ ਨਾਮ ਦਾ ਸ਼ਹਿਰ ਆਇਆ । ਇਹ ਨਿਊਯਾਰਕ ਸੂਬੇ ਦਾ ਇਕ ਵੱਡਾ ਸ਼ਹਿਰ ਹੈ । ਦੁਪਹਿਰ ਹੋਣ ਤੀਕ ਅਸੀਂ ਹੈਰਿਸਵਰਗ ਨਾਮੀ ਇਕ ਹੋਰ ਵੱਡੇ ਸ਼ਹਿਰ ਵਿਚ ਪੁੱਜ ਗਏ ।



ਡਾ. ਰਣਜੀਤ ਸਿੰਘ

ਇਸ ਵੇਰ ਅਮਰੀਕਾ ਵਿਚ ਆ ਕੇ ਮੇਰੀ ਖਾਹਿਸ਼ ਸੀ ਕਿ ਇਸ ਦੇਸ਼ ਦੀ ਰਾਜਧਾਨੀ ਨੂੰ ਜ਼ਰੂਰ ਵੇਖਿਆ ਜਾਵੇ । ਮੈਂ ਸੋਚਦਾ ਸਾਂ ਕਿ ਵਾਈਟ-ਹਾਊਸ ਪਤਾ ਨਹੀਂ ਕਿਹੋ ਜਿਹਾ ਹੋਵੇਗਾ ਜਿਥੋਂ ਸਾਰੀ ਦੁਨੀਆਂ ਦੀਆਂ ਤਾਰਾਂ ਹਿਲਦੀਆਂ ਹਨ । ਅੱਜ ਅਮਰੀਕਾ ਦੁਨੀਆਂ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਦੇਸ਼ ਹੀ ਨਹੀਂ ਸਗੋਂ ਸਾਰੀ ਦੁਨੀਆਂ ਦੀ ਰਾਜਨੀਤੀ ਅਤੇ ਆਰਥਿਕਤਾ ਵੀ ਆਪਣੀ ਮਰਜ਼ੀ ਨਾਲ ਚਲਾਉਂਦਾ ਹੈ । ਜਦੋਂ ਸਾਡਾ ਤਿੰਨ ਦਿਨਾਂ ਲਈ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਜਾਣ ਦਾ ਪ੍ਰੋਗਰਾਮ ਬਣਿਆ ਤਾਂ ਬੜੀ ਖੁਸ਼ੀ ਹੋਈ । ਇਸ ਵੇਰ ਸਾਡਾ ਸਫਰ ਬਸ ਰਾਹੀਂ ਸੀ ਪਰ ਇਹ ਬਸ ਬਹੁਤ ਹੀ ਆਰਾਮਦੇਹ ਸੀ ।

ਅਮਰੀਕਾ ਦੀਆਂ ਮੁੱਖ ਸੜਕਾਂ ਬਹੁਤ ਸੁੰਦਰ ਹਨ । ਸੜਕਾਂ ਦੇ ਵਿਚਕਾਰ ਫੁੱਲਾਂ ਵਾਲੇ ਦਰਖਤ ਹੁੰਦੇ ਹਨ ਉਂਝ ਵੀ ਸੜਕ ਦੇ ਦੋਵੀਂ ਪਾਸੇ ਚੋਖੇ ਦਰਖਤ ਹਨ । ਹਰ ਪਾਸੇ ਘਾਹ ਹੀ ਘਾਹ ਦਿਖਾਈ ਦਿੰਦਾ ਸੀ । ਮਿੱਟੀ ਘੱਟੇ ਦਾ ਤਾਂ ਕਿਤੇ ਨਾਮੋ ਨਿਸ਼ਾਨ ਹੀ ਨਹੀਂ ਸੀ । ਸਾਡੇ ਰਸਤੇ ਵਿਚ ਸਭ ਤੋਂ ਪਹਿਲਾਂ ਬਰਹਿਗਮਟਨ ਨਾਮ ਦਾ ਸ਼ਹਿਰ ਆਇਆ । ਇਹ ਨਿਊਯਾਰਕ ਸੂਬੇ ਦਾ ਇਕ ਵੱਡਾ ਸ਼ਹਿਰ ਹੈ । ਦੁਪਹਿਰ ਹੋਣ ਤੀਕ ਅਸੀਂ ਹੈਰਿਸਵਰਗ ਨਾਮੀ ਇਕ ਹੋਰ ਵੱਡੇ ਸ਼ਹਿਰ ਵਿਚ ਪੁੱਜ ਗਏ ।

ਇਕ ਜਾਣਕਾਰੀ ਮੈਂ ਆਪਣੇ ਪਾਠਕਾਂ ਨਾਲ ਸਾਂਝੀ ਕਰਨਾ ਚਾਹਵਾਂਗਾ । ਜਿਵੇਂ ਸਾਡੇ ਸ਼ਹਿਰਾਂ ਵਿਚ ਹੁਣ ਆਪਣੀ ਮੰਡੀ ਲਗਦੀ ਹੈ ਉਸੇ ਤਰ੍ਹਾਂ ਇਥੇ ਵੀ ਹਰ ਸ਼ਨੀਵਾਰ ਆਪਣੀ ਮੰਡੀ ਲਗਦੀ ਹੈ । ਇਸ ਮੰਡੀ ਵਿਚ ਕਿਸਾਨ ਆਪਣੀ ਜਿਣਸ ਵੇਚਣ ਆਉਂਦੇ ਹਨ । ਇਸ ਮੰਡੀ ਵਿਚ ਕੋਈ ਸਰਕਾਰੀ ਦਖਲ ਨਹੀਂ ਹੁੰਦਾ ਸਗੋਂ ਕਿਸਾਨ ਆਪ ਹੀ ਜਿਵੇਂ ਚਾਹੁਣ ਆਪਣੀ ਫਸਲ ਵੇਚ ਸਕਦੇ ਹਨ । ਇਹ ਛੋਟੇ ਕਿਸਾਨ ਹੁੰਦੇ ਹਨ ਜਿਹੜੇ ਫਲ, ਸਬਜ਼ੀਆਂ ਤੇ ਫਲਾਂ ਤੋਂ ਬਣੇ ਪਦਾਰਥ ਵੇਚਣ ਆਉਂਦੇ ਹਨ । ਸ਼ਹਿਰ ਵਾਸੀ ਚੋਖੀ ਗਿਣਤੀ ਵਿਚ ਇਥੋਂ ਵਸਤਾਂ ਖਰੀਦਦੇ ਹਨ ਕਿਉਂਕਿ ਸ਼ਹਿਰ ਤੋਂ ਸਸਤੀਆਂ ਅਤੇ ਤਾਜ਼ੀਆਂ ਹੁੰਦੀਆਂ ਹਨ । ਕੋਈ 3.30 ਵਜੇ ਅਸੀਂ ਵਾਸ਼ਿੰਗਟਲ ਸ਼ਹਿਰ ਵਿਚ ਪ੍ਰਵੇਸ਼ ਕੀਤਾ । ਬਹੁਤ ਖੁੱਲ੍ਹਾ ਅਤੇ ਸਾਫ ਸੁਥਰਾ ਸ਼ਹਿਰ ਹੈ । ਸਾਡਾ ਹੋਟਲ ਬਰਿਸਟਲ ਪੈਨਸਲੀਵੀਨੀਆ ਐਵੀਨਿਊ ਉੱਤੇ ਸਥਿਤ ਸੀ । ਆਪਣਾ ਸਮਾਨ ਆਪੋ ਆਪਣੇ ਕਮਰਿਆਂ ਵਿਚ ਰੱਖ ਅਸੀਂ ਚਾਰ ਵਜੇ ਹੇਠਾਂ ਆ ਗਏ । ਕਮਰੇ ਬਹੁਤ ਸੁੰਦਰ ਸਾਰੀਆਂ ਸਹੂਲਤਾਂ ਵਾਲੇ ਸਨ । ਸਾਰੇ ਦਰਸ਼ਨੀ ਥਾਂ ਨੇੜੇ ਹੋਣ ਕਰਕੇ ਅਸੀਂ ਪੈਦਲ ਹੀ ਤੁਰ ਪਏ ।



ਇਸ ਦੇ ਨਾਲ ਹੀ ਇਕ ਹੋਰ ਸੁਝਾਵ ਜਿਹੜਾ ਮੈਂ ਆਪਣੇ ਦੇਸ਼ ਵਾਸੀਆਂ ਨੂੰ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਹਰ ਸ਼ਹਿਰ ਦੀ ਕਮੇਟੀ ਵੱਲੋਂ ਆਪਣੇ ਸ਼ਹਿਰ ਬਾਰੇ ਇਕ ਸੁੰਦਰ ਕਿਤਾਬਚਾ ਛਾਪਣਾ ਚਾਹੀਦਾ ਹੈ । ਇਸ ਕਿਤਾਬਚੇ ਵਿਚ ਸ਼ਹਿਰ ਬਾਰੇ ਸੰਖੇਪ ਜਾਣਕਾਰੀ, ਦਰਸ਼ਨੀ ਥਾਵਾਂ ਦਾ ਵੇਰਵਾ, ਮਨੋਰੰਜਨ ਦੇ ਪ੍ਰੋਗਰਾਮ, ਰਿਹਾਇਸ਼ੀ ਥਾਵਾਂ ਅਤੇ ਖਰੀਦੋ ਫਰੋਖਤ ਬਾਰੇ ਸੂਚਨਾ ਹੋਣੀ ਚਾਹੀਦੀ ਹੈ ।

ਹੋਟਲ ਤੋਂ ਥੋਹੜੀ ਹੀ ਦੂਰ ਉਸੇ ਸੜਕ ਉੱਤੇ ਵਾਈਟ ਹਾਊਸ ਸਥਿਤ ਹੈ । ਜਿਥੇ ਸੰਸਾਰ ਵਿਚ ਲੋਕ-ਰਾਜੀ ਪ੍ਰਣਾਲੀ ਨੇ ਜਨਮ ਲਿਆ ਅਤੇ ਜਿਥੋਂ ਦੁਨੀਆ ਦੇ ਅਹਿਮ ਫੈਸਲੇ ਹੁੰਦੇ ਹਨ । ਮੇਰਾ ਵਿਚਾਰ ਸੀ ਕਿ ਵਾਈਟ ਹਾਊਸ ਸਾਡੇ ਰਾਸ਼ਟਰਪਤੀ ਭਵਨ ਵਾਂਗ ਵਿਸ਼ਾਲ ਅਤੇ ਨਿਵੇਕਲੀ ਕਿਸਮ ਦੀ ਇਮਾਰਤ ਹੋਵੇਗੀ । ਇਹ ਤਾਂ ਆਮ ਚਲ ਰਹੀ ਸੜਕ ਉੱਤੇ ਸਗੋਂ ਆਮ ਭਵਨਾਂ ਵਾਂਗ ਦਿਸਣ ਵਾਲੀ ਆਮ ਇਮਾਰਤ ਹੈ । ਅੰਦਰ ਜਾ ਕੇ ਪਤਾ ਲੱਗਾ ਕਿ ਇਹ ਇਮਾਰਤ ਚੋਖੇ ਰਕਬੇ ਵਿਚ ਫੈਲੀ ਹੋਈ ਹੈ ਅਤੇ ਅੰਦਰੋਂ ਚੰਗੀ ਵਿਸ਼ਾਲ ਅਤੇ ਸੁੰਦਰ ਹੈ । ਇਸ ਵਿਚ 122 ਕਮਰੇ ਹਨ । ਵਾਈਟ ਹਾਊਸ ਦੇ ਪਿਛੇ ਵਿਸ਼ਾਲ ਮੈਦਾਨ ਹੈ ਜਿਸਨੂੰ ਕੌਮੀ ਮਾਲ ਆਖਿਆ ਜਾਂਦਾ ਹੈ । ਇਹ ਸਭ ਕੁਝ ਨਵੀਂ ਦਿੱਲੀ ਵਿਚ ਰਾਸ਼ਟਰਪਤੀ ਭਵਨ ਤੋਂ ਇੰਡੀਆ ਗੇਟ ਤੀਕ ਵਿਸ਼ਾਲ ਮਾਰਗ ਵਾਂਗ ਹੀ ਹੈ । ਇਸ ਦੇ ਇਕ ਸਿਰੇ ਕਾਂਗਰਸ ਜਾਂ ਪਾਰਲੀਮੈਂਟ ਭਵਨ ਹੈ ਅਤੇ ਦੂਜੇ ਸਿਰ ਲਿੰਕਨ ਮੈਮੋਰੀਅਲ ਹੈ । ਇਸ ਨੂੰ ਰਾਜਧਾਨੀ ਦਾ ਇਲਾਕਾ ਵੀ ਆਖਿਆ ਜਾਂਦਾ ਹੈ ਇਸ ਦੀ ਲੰਬਾਈ ਕੋਈ ਇਕ ਮੀਲ ਤੇ ਚੌੜਾਈ 400 ਫੁੱਟ ਹੈ । ਦਰਮਿਆਨ ਵਿਚ ਪਾਣੀ ਦੀ ਨਹਿਰ ਹੈ ਜਿਸ ਵਿਚ ਫਵਾਰੇ ਚੱਲਦੇ ਹਨ ਅਤੇ ਦੋਵੀਂ ਪਾਸੇ ਸੁੰਦਰ ਲਾਅਨ ਹਨ । ਜਿਹੜਾ ਵੀ ਵਾਸ਼ਿੰਗਟਨ ਸ਼ਹਿਰ ਆਉਂਦਾ ਹੈ ਉਹ ਇਹ ਥਾਂ ਜ਼ਰੂਰ ਵੇਖਣ ਆਉਂਦਾ ਹੈ । ਇਸੇ ਮਾਲ ਦੇ ਅੱਧ ਵਿਚਕਾਰ ਇਕ ਪਾਸੇ ਵਾਈਟ ਹਾਊਸ ਹੈ ਅਤੇ ਦੂਜੇ ਪਾਸੇ ਵਾਸ਼ਿੰਗਟਨ ਮੈਮੋਰੀਅਲ ਹੈ ਜਿਹੜਾ 555 ਫੁੱਟ ਉਚੇ ਮੀਨਾਰ ਦੀ ਸ਼ਕਲ ਵਿਚ ਹੈ ।

ਇਸ ਸਾਰੀ ਥਾਂ ਨੂੰ ਕੈਪੀਟਲ ਹਿਲ ਵੀ ਆਖਿਆ ਜਾਂਦਾ ਹੈ । ਵਾਈਟ ਹਾਊਸ ਵਿਚੋਂ ਨਿਕਲ ਅਸੀਂ ਵਾਸ਼ਿੰਗਟਨ ਮੈਮੋਰੀਅਲ ਵੇਖਣ ਨੂੰ ਚੱਲ ਪਏ । ਛੁੱਟੀ ਦਾ ਦਿਨ ਹੋਣ ਕਰਕੇ ਸਾਰੇ ਪਾਸੇ ਚੋਖੀ ਚਹਿਲ-ਪਹਿਲ ਸੀ । ਹੌਲੀ ਹੌਲੀ ਤੁਰਕੇ ਚਲਦੇ ਫੁਆਰਿਆਂ ਦਾ ਆਨੰਦ ਮਾਣਦੇ ਅਸੀਂ ਲਿੰਕਨ ਮੈਮੋਰੀਅਲ ਪੁੱਜ ਗਏ । ਇਹ ਸਥਾਨ ਸ਼ਹਿਰ ਦੀ 23ਵੀਂ ਗਲੀ ਉੱਤੇ ਸਥਿਤ ਹੈ । ਭਾਵੇਂ ਸ਼ਹਿਰ ਦੇ ਐਵੀਨਿਊ ਅਮਰੀਕੀ ਸੂਬਿਆਂ ਦੇ ਨਾਮ ਉੱਤੇ ਹਨ ਪਰ ਕੁਝ ਐਵੀਨਿਊਜ਼ ਦੇ ਨਾਮ ਕੰਨਸਟੀਚਿਊਸ਼ਨ ਅਤੇ ਇੰਡੀਪੈਨਡੰਸ (ਆਜ਼ਾਦੀ) ਵੀ ਹਨ । ਇਸ ਯਾਦਗਾਰ ਦੇ ਅੰਦਰ ਵੜਦਿਆਂ ਹੀ ਪ੍ਰਧਾਨ ਲਿੰਕਨ ਦਾ ਆਦਮਕੱਦ ਬੁੱਤ ਵਿਖਾਈ ਦਿੰਦਾ ਹੈ । ਇਹ ਬੁੱਤ ਇਤਨਾ ਪ੍ਰਭਾਵਸ਼ਾਲੀ ਹੈ ਕਿ ਦਰਸ਼ਕ ਪ੍ਰਧਾਨ ਲਿੰਕਨ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਜਾਂਦੇ ਹਨ । ਪ੍ਰਧਾਨ ਲਿੰਕਨ ਵੇਲੇ ਹੀ ਅਮਰੀਕਾ ਵਿਚ ਗ੍ਰਹਿ-ਯੁੱਧ ਹੋਇਆ ਸੀ ਤੇ ਇਸ ਯੁੱਧ ਨੂੰ ਜਿੱਤ ਕੇ ਅਮਰੀਕਾ ਦੀ ਏਕਤਾ ਕਾਇਮ ਰੱਖੀ ਗਈ ਸੀ । ਉਸ ਸਮੇਂ ਅਮਰੀਕਾ ਦੇ 36 ਸੂਬੇ ਸਨ ਇਸ ਕਰਕੇ ਇਸ ਉੱਤੇ 36 ਖਾਨਿਆਂ ਵਾਲੀ ਛੱਤ ਬਣੀ ਹੋਈ ਹੈ । ਕੌਮੀ ਮਾਲ ਦੇ ਇਕ ਸਿਰੇ ਉੱਤੇ ਲੱਗਿਆ ਇਹ ਬੁੱਤ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਹੁਣ ਵੀ ਲਿੰਕਨ ਕੌਮ ਦੀ ਅਗਵਾਈ ਕਰ ਰਿਹਾ ਹੋਵੇ । ਪ੍ਰਧਾਨ ਲਿੰਕਨ ਨੇ ਲੋਕਰਾਜ ਦੀ ਪ੍ਰੀਭਾਸ਼ਾ ਦਿੰਦੇ ਹੋਏ ਆਖਿਆ ਸੀ ਕਿ 'ਉਹ ਰਾਜ ਜਿਹੜਾ ਲੋਕਾਂ ਦਾ ਹੋਵੇ, ਲੋਕਾਂ ਲਈ ਹੋਵੇ ਅਤੇ ਲੋਕਾਂ ਦੁਆਰਾ ਬਣਾਇਆ ਗਿਆ ਹੋਵੇ ।' ਇਹ ਯਾਦਗਾਰ ਅਜੇ ਵੀ ਮਨੁੱਖੀ ਹਕੂਕਾਂ ਦੀ ਰਖਵਾਲੀ ਕਰਦੀ ਹੈ ਅਤੇ ਜਦੋਂ ਕਿਤੇ ਅਨੁਭਵ ਹੁੰਦਾ ਹੈ ਕਿ ਮਨੁੱਖੀ ਹਕੂਕਾਂ ਨੂੰ ਖਤਰਾ ਹੈ, ਲੋਕੀਂ ਇਥੇ ਆ ਕੇ ਪ੍ਰਦਰਸ਼ਨ ਕਰਦੇ ਹਨ । ਹਰ ਸਾਲ ਅਜਿਹੇ ਲਗਭਗ 14000 ਪ੍ਰਦਰਸ਼ਨ ਇੱਥੇ ਹੁੰਦੇ ਹਨ । ਇਸ ਦੇ ਨੇੜੇ ਹੀ ਵੀਅਤਨਾਮ ਵਿਚ ਸ਼ਹੀਦ ਹੋਏ ਫੌਜੀਆਂ ਦੀ ਯਾਦਗਾਰ ਹੈ ।

ਇਹ ਪਹਿਲੀ ਲੜਾਈ ਸੀ ਜਿਸ ਵਿਚ ਅਮਰੀਕਾ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ । ਵੀਅਤਨਾਮ ਦੇ ਸ਼ਹੀਦਾਂ ਦੀ ਯਾਦਗਾਰ ਵਿਚ ਥਾਂ ਪੁੱਟ ਕੇ ਇਕ ਗਲੀ ਵਾਂਗ ਬਣਾਈ ਗਈ ਹੈ । ਇਕ ਪਾਸੇ ਚਮਕੀਲੇ ਕਾਲੇ ਪੱਥਰ ਦੀ ਦੀਵਾਰ ਬਣੀ ਹੋਈ ਹੈ ਜਿਸ ਉੱਤੇ ਸ਼ਹੀਦੇ ਹੋਏ ਫੌਜੀਆਂ ਦੇ ਨਾਮ ਲਿਖੇ ਹੋਏ ਹਨ ਜਿਵੇਂ ਸਾਡੇ ਇੰਡੀਆ ਗੇਟ ਉੱਤੇ ਸ਼ਹੀਦ ਫੌਜੀਆਂ ਦੇ ਨਾਮ ਲਿਖੇ ਗਏ ਹਨ । ਇਕ ਪਾਸਿਓਂ ਦਰਸ਼ਕ ਹੇਠਾਂ ਉਤਰ ਜਾਂਦੇ ਹਨ ਅਤੇ ਇਸ 50 ਫੁੱਟ ਲੰਬੀ ਦੀਵਾਰ ਦੇ ਨਾਲ ਤੁਰ ਕੇ ਦੂਜੇ ਸਿਰਿਓਂ ਫਿਰ ਉੱਤੇ ਪਾਰਕ ਵਿਚ ਆ ਜਾਂਦੇ ਹਨ । ਬਹੁਤ ਸਾਰੇ ਅਮਰੀਕੀ ਆਪਣੇ ਸਕੇ ਸੰਬੰਧੀਆਂ ਦੇ ਨਾਮਾਂ ਕੋਲ ਫੁੱਲਾਂ ਦੇ ਗੁਲਦਸਤੇ ਚੜ੍ਹਾਉਂਦੇ ਹਨ ।

ਦੂਜੇ ਦਿਨ ਦਾ ਸਭ ਤੋਂ ਪਹਿਲਾ ਪੜਾਅ ਵਿਦਿਅਕ ਵਿਕਾਸ ਅਕੈਡਮੀ ਵਿਚ ਸੀ । ਸਾਡੇ ਆਉਣ ਦੀ ਇਥੇ ਪਹਿਲਾਂ ਹੀ ਸੂਚਨਾ ਸੀ । ਇਸ ਕਰਕੇ ਬੜਾ ਨਿੱਘਾ ਸੁਆਗਤ ਹੋਇਆ । ਇੱਥੇ ਸਾਨੂੰ ਸੰਸਥਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ । ਇੱਥੇ ਅਸੀਂ ਤਿੰਨ ਕੁ ਘੰਟੇ ਦਾ ਸਮਾਂ ਲਾਇਆ । ਚਾਹ ਕਾਫੀ ਨਾਲ ਸਾਡੀ ਚੰਗੀ ਸੇਵਾ ਕੀਤੀ ਗਈ । ਇਥੋਂ ਵਿਦਾ ਹੋ ਕੇ ਅਸੀਂ ਮੁੜ ਕੌਮੀ ਮਾਲ ਉੱਤੇ ਆ ਗਏ । ਇਥੇ ਸਾਡਾ ਕੈਪੀਟਲ ਹਿਲ ਭਵਨ ਵੇਖਣ ਦਾ ਪ੍ਰੋਗਰਾਮ ਸੀ । ਇਸ ਇਮਾਰਤ ਵਿਚ ਹੀ ਪਾਰਲੀਮੈਂਟ ਹਾਊਸ ਹੈ । ਇਨ੍ਹਾਂ ਦਿਨਾਂ ਵਿਚ ਸੈਨੇਟ (ਪਾਰਲੀਮੈਂਟ) ਦਾ ਸੈਸ਼ਨ ਚਲ ਰਿਹਾ ਸੀ । ਇਸ ਦੇ ਨੇੜੇ ਹੀ ਪੁਲਾੜ ਅਜਾਇਬ ਘਰ ਮੰਨਿਆ ਜਾਂਦਾ ਹੈ । ਪੁਲਾੜ ਅਜਾਇਬ ਘਰ ਸਾਰੇ ਸੰਸਾਰ ਵਿਚ ਇਸ ਵਿਸ਼ੇ ਸੰਬੰਧੀ ਸਭ ਤੋਂ ਵੱਡਾ ਅਜਾਇਬ ਘਰ ਹੈ । ਦਰਸ਼ਕਾਂ ਦੀ ਭੀੜ ਲੱਗੀ ਹੋਈ ਸੀ ਪਰ ਕਿਸੇ ਤਰ੍ਹਾਂ ਦਾ ਵੀ ਸ਼ੋਰ ਸ਼ਰਾਬਾ ਨਹੀਂ ਸੀ ਹੋ ਰਿਹਾ । ਇਸ ਅਜਾਇਬ ਘਰ ਵਿਚ ਮੁੱਢਲੇ ਹਵਾਈ ਜਹਾਜ਼ਾਂ ਤੋਂ ਲੈ ਕੇ ਚੰਨ ਉੱਤੇ ਪਹੁੰਚਣ ਵਾਲਾ ਰਾਕਟ ਰੱਖਿਆ ਹੋਇਆ ਹੈ । ਉਹ ਗੱਡੀ ਵੀ ਇੱਥੇ ਹੈ ਜਿਸ ਵਿਚ ਬੈਠ ਮਨੁੱਖ ਨੇ ਪਹਿਲੀ ਵੇਰ ਚੰਨ ਦੀ ਯਾਤਰਾ ਕੀਤੀ ਸੀ ।

ਇੱਥੋਂ ਸਿੱਧੇ ਅਸੀਂ ਕੈਪੀਟਲ ਹਿਲ ਪਹੁੰਚੇ । ਇਹ ਸਾਡੇ ਪਾਰਲੀਮੈਂਟ ਭਵਨ ਵਰਗੀ ਇਕ ਵਿਸ਼ਾਲ ਇਮਾਰਤ ਹੈ । ਇਸ ਭਵਨ ਦਾ ਕੁੱਝ ਹਿੱਸਾ ਦਰਸ਼ਕਾਂ ਲਈ ਖੁੱਲ੍ਹਾ ਰਹਿੰਦਾ ਹੈ । ਦਰਸ਼ਕਾਂ ਦੀ ਇੱਥੇ ਵੀ ਬਹੁਤ ਭੀੜ ਸੀ । ਖੈਰ ਥੋੜ੍ਹੀ ਦੇਰ ਪਿਛੋਂ ਸਾਡੀ ਵਾਰੀ ਆ ਗਈ । ਇਥੇ ਅੰਦਰ ਜਾਣ ਤੋਂ ਪਹਿਲਾਂ ਹਿਫਾਜਤੀ ਜਾਂਚ ਕੀਤੀ ਗਈ । ਅੰਦਰ ਜਾ ਕੇ ਘੁੰਮ ਫਿਰ ਕੇ ਵੇਖਿਆ । ਇਥੇ ਅਮਰੀਕਾ ਦੇ ਇਤਿਹਾਸ ਦੀਆਂ ਝਲਕੀਆਂ ਵਿਖਾਈਆਂ ਗਈਆਂ ਹਨ । ਸਾਡੇ ਕੋਲ ਸੈਨੇਟ ਦੀ ਕਾਰਵਾਈ ਵੇਖਣ ਦਾ ਪਾਸ ਸੀ, ਇਸ ਕਰਕੇ ਸਾਨੂੰ ਸੈਨੇਟ ਹਾਲ ਦੇ ਪਾਸੇ ਜਾਣ ਦਿੱਤਾ ਗਿਆ ਇਥੇ ਫਿਰ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ ਤੇ ਖਾਲੀ ਹੱਥ ਅੱਗੇ ਜਾਣ ਦਿੱਤਾ ਗਿਆ । ਦਰਸ਼ਕ ਗੈਲਰੀ ਵਿਚ ਕੋਈ ਬਹੁਤੀ ਭੀੜ ਨਹੀਂ ਸੀ । ਇਸ ਕਰਕੇ ਬੈਠਣ ਦੀ ਥਾਂ ਮਿਲਣ ਵਿਚ ਕੋਈ ਮੁਸ਼ਕਿਲ ਨਹੀਂ ਆਈ । ਅਬਾਰਸ਼ਨ ਸੰਬੰਧੀ ਬਿਲ ਉੱਤੇ ਬਹਿਸ ਚਲ ਰਹੀ ਸੀ । ਸਪੀਕਰ ਵੱਲੋਂ ਮਿੱਥੇ ਪ੍ਰੋਗਰਾਮ ਅਨੁਸਾਰ ਮੈਂਬਰਾਂ ਦੇ ਨਾਂ ਬੋਲੇ ਜਾਂਦੇ ਸਨ । ਹਰ ਮੈਂਬਰ ਆਪਣੀ ਵਾਰੀ ਸਿਰ ਮਿਲੇ ਸਮੇਂ ਅਨੁਸਾਰ ਆਪਣੇ ਵਿਚਾਰ ਪੇਸ਼ ਕਰ ਰਿਹਾ ਸੀ । ਕੋਈ ਵੀ ਮੈਂਬਰ ਆਪਣੇ ਸਮੇਂ ਤੋਂ ਵੱਧ ਸਮਾਂ ਨਹੀਂ ਲੈ ਰਿਹਾ ਸੀ । ਜੇਕਰ ਕੋਈ ਵੱਧ ਸਮਾਂ ਲੈ ਵੀ ਲੈਂਦਾ ਤਾਂ ਸਪੀਕਰ ਦੇ ਕਹਿਣ ਉੱਤੇ ਉਦੋਂ ਹੀ ਬੋਲਣਾ ਬੰਦ ਕਰ ਦਿੰਦਾ ਸੀ । ਕੁਝ ਮੈਂਬਰ ਆਪਣੇ ਸਮੇਂ ਵਿਚੋਂ ਕੁਝ ਸਮਾਂ ਆਪਣੇ ਸਾਥੀ ਨੂੰ ਦੇਣਾ ਚਾਹੁੰਦੇ ਸਨ, ਉਹ ਅਜਿਹਾ ਸਪੀਕਰ ਦੀ ਇਜਾਜ਼ਤ ਨਾਲ ਕਰ ਰਹੇ ਸਨ । ਸਾਰਾ ਕੁਝ ਬੜੇ ਅਰਾਮ ਅਤੇ ਸਲੀਕੇ ਨਾਲ ਹੋ ਰਿਹਾ ਸੀ । ਕਿਸੇ ਤਰ੍ਹਾਂ ਦਾ ਕੋਈ ਸ਼ੋਰ ਸ਼ਰਾਬਾ ਨਹੀਂ ਸੀ । ਸਾਰੇ ਮੈਂਬਰ ਸਪੀਕਰ ਦਾ ਹੁਕਮ ਮੰਨ ਰਹੇ ਸਨ । ਮੈਨੂੰ ਆਪਣੀ ਪਾਰਲੀਮੈਂਟ ਦੀ ਯਾਦ ਆਈ । ਜਿੱਥੇ ਹਮੇਸ਼ਾ ਸ਼ੋਰ ਸ਼ਰਾਬਾ ਹੁੰਦਾ ਰਹਿੰਦਾ ਹੈ । ਕਿਸੇ ਵੀ ਮਸਲੇ ਉੱਤੇ ਗੰਭੀਰ ਚਰਚਾ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਈ ਹੈ ।

ਸੰਸਾਰ ਦੀ ਕਿਸਮਤ ਬਣਾਉਣ ਵਾਲੇ ਸ਼ਹਿਰ ਵਿਚ ਅਜ ਮੇਰਾ ਤੀਸਰਾ ਦਿਨ ਸੀ । ਸਵੇਰੇ ਸਾਡਾ ਪ੍ਰੋਗਰਾਮ ਇਕ ਅਜਿਹੀ ਸੰਸਥਾ ਵੇਖਣ ਦਾ ਸੀ, ਜਿਸ ਦਾ ਕੰਮ ਸੰਸਾਰ ਦੇ ਦੇਸ਼ਾਂ ਨੂੰ ਖਾਸ ਕਰਕੇ ਵਿਕਾਸਸ਼ੀਲ ਦੇਸ਼ ਨੂੰ ਵਿਦਿਅਕ ਵਿਕਾਸ ਨਾਲ ਸੰਬੰਧਤ ਪ੍ਰੋਗਰਾਮਾਂ ਬਾਰੇ ਸਲਾਹ ਮਸ਼ਵਰਾ ਦੇਣਾ ਸੀ । ਵਾਸ਼ਿੰਗਟਨ ਸ਼ਹਿਰ ਦਰਿਆ ਪਾਸਟੋਮੈਰ ਦੇ ਕੰਢੇ ਉੱਤੇ ਵੱਸਿਆ ਹੈ । ਦਰਿਆ ਦੇ ਦੂਜੇ ਪਾਸੇ ਇਕ ਹੋਰ ਸੂਬਾ ਵਰਜੀਨੀਆ ਸ਼ੁਰੂ ਹੋ ਜਾਂਦਾ ਹੈ । ਇਸ ਸੂਬੇ ਦਾ ਇਕ ਸ਼ਹਿਰ ਅਰਲਿੰਗਟਨ ਰਾਜਧਾਨੀ ਦੇ ਨਾਲ ਜੁੜਿਆ ਹੋਇਆ ਹੈ । ਇਸੇ ਸ਼ਹਿਰ ਵਿਚ ਅੰਤਰ ਰਾਸ਼ਟਰੀ ਵਿਦਿਅਕ ਖੋਜ ਸੰਸਥਾ ਹੈ । ਇਸ ਸੰਸਥਾ ਦੇ ਵਿਭਾਗ ਨੂੰ ਵੇਖਣਾ ਸੀ । ਇਹ ਸੰਸਥਾ ਵੀ ਅੰਤਰ-ਰਾਸ਼ਟਰੀ ਦਾਨੀ ਸੰਸਥਾਵਾਂ ਵਲੋਂ ਦਿੱਤੀਆਂ ਗਰਾਂਟਾਂ ਦੇ ਸਿਰ ਉੱਤੇ ਹੀ ਚਲਦੀ ਹੈ । ਸਾਡੇ ਆਉਣ ਦੀ ਸੂਚਨਾ ਪਹਿਲਾਂ ਹੀ ਸੀ, ਇਸ ਕਰਕੇ ਸਾਡੀ ਉਡੀਕ ਹੋ ਰਹੀ ਸੀ ।

ਇਸ ਤੋਂ ਅਗਲਾ ਪ੍ਰੋਗਰਾਮ ਸੰਸਾਰ ਦੀ ਸਭ ਤੋਂ ਵੱਡੀ ਬ੍ਰਾਡਕਾਸਟਿੰਗ ਸੰਸਥਾ ਵਾਈਸ ਆਫ ਅਮਰੀਕਾ ਨੂੰ ਵੇਖਣ ਦਾ ਸੀ । ਮਿੱਥੇ ਹੋਏ ਸਮੇਂ ਅਨੁਸਾਰ ਅਸੀਂ ਕੇਂਦਰ ਦੇ ਬੂਹੇ ਉੱਤੇ ਪੁੱਜ ਗਏ । ਸਾਡੇ ਆਉਣ ਦੀ ਸੂਚਨਾ ਪਹਿਲਾਂ ਹੀ ਸੀ, ਇਸ ਕਰਕੇ ਲੋਕ ਸੰਪਰਕ ਅਧਿਕਾਰੀ ਸਾਡੀ ਉਡੀਕ ਕਰ ਰਹੀ ਸੀ । ਇਹ ਕੌਮੀ ਮਾਲ ਦੇ ਨੇੜੇ ਹੀ ਇਕ ਬਹੁਤ ਵਿਸ਼ਾਲ ਭਵਨ ਹੈ । ਸਾਨੂੰ ਸੰਸਥਾ ਦੇ ਮਹਿਮਾਨ ਘਰ ਵਿਚ ਬਿਠਾਇਆ ਗਿਆ ਅਤੇ ਲੋਕ ਸੰਪਰਕ ਪ੍ਰੋਗਰਾਮ ਅਧਿਕਾਰੀ ਨੇ ਸੰਖੇਪ ਵਿਚ ਵਾਈਸ ਆਫ ਅਮਰੀਕਾ ਬਾਰੇ ਜਾਣਕਾਰੀ ਦਿੱਤੀ । ਇਥੋਂ ਹਰ ਰੋਜ਼ 70 ਭਾਸ਼ਾਵਾਂ ਵਿਚ ਪ੍ਰੋਗਰਾਮ ਬ੍ਰਾਡਕਾਸਟ ਕੀਤੇ ਜਾਂਦੇ ਹਨ, ਜਿਹੜੇ ਕਿ ਲਗਭਗ ਹਰ ਦੇਸ਼ ਵਿਚ ਸੁਣੇ ਜਾ ਸਕਦੇ ਹਨ ।

ਸਾਡਾ ਅਗਲੀ ਪੜਾਅ ਪਾਥ ਨਾਮੀ ਸੰਸਥਾ ਵਿਚ ਸੀ । ਜਿਥੇ ਅਸੀਂ ਠੀਕ ਤਿੰਨ ਵਜੇ ਪੁੱਜ ਗਏ । ਇਸ ਸੰਸਥਾ ਦਾ ਕੰਮ ਸਿਹਤ ਅਤੇ ਪਰਿਵਾਰ ਭਲਾਈ ਸੰਬੰਧੀ ਢੁੱਕਵੀਆਂ ਤਕਨੀਕਾਂ ਦੀ ਖੋਜ ਕਰਨਾ ਹੈ । ਇਹ ਸੰਸਥਾ ਨਿਰੀ ਖੋਜ ਹੀ ਨਹੀਂ ਕਰਦੀ ਸਗੋਂ ਇਨ੍ਹਾਂ ਤਕਨੀਕਾਂ ਨੂੰ ਲੋਕਾਂ ਵਿਚ ਪ੍ਰਚਲਤ ਕਰਨ ਦਾ ਕੰਮ ਵੀ ਕਰਦੀ ਹੈ । ਇਸ ਸੰਸਥਾ ਦਾ ਵਾਸ਼ਿੰਗਟਨ ਵਾਲਾ ਕੇਂਦਰ ਖੋਜਾਂ ਨੂੰ ਲੋਕਾਂ ਵਿਚ ਪ੍ਰਚਲਤ ਕਰਨ ਬਾਰੇ ਕੰਮ ਕਰਦਾ ਹੈ ਜਿਸ ਵਿਚ ਸਾਡੀ ਦਿਲਚਸਪੀ ਸੀ ।

ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦੀ ਰਾਜਧਾਨੀ ਅਤੇ ਸੈਨੇਟ ਦੀ ਕਾਰਵਾਈ ਦੇਖਣ ਦੀ ਤਮੰਨਾ ਪੂਰੀ ਹੋ ਹੀ ਗਈ ।

2020 ਤੋਂ ਕਈ ਨਵੇਂ ਹਾਈਵੇਜ਼ ਪ੍ਰਾਂਤ ਵਿਚ ਉਸਾਰੀ ਅਧੀਨ ਹਨ। ਇਨ੍ਹਾਂ ਪ੍ਰੋਜੈਕਟਾਂ ਵਿਚ ਦਿੱਲੀ-ਕਟੜਾ ਫੀਲਡ ਪ੍ਰੋਜੈਕਟ ਪ੍ਰਮੁੱਖ ਹੈ। ਹਾਈਵੇਜ਼ ਨੂੰ ਵਿਕਾਸ ਦੀ ਮਹੱਤਵਪੂਰਨ ਕੜੀ ਸਮਝਿਆ ਜਾਂਦਾ ਹੈ। ਹਾਈਵੇਜ਼ ਜਦੋਂ ਸ਼ਹਿਰਾਂ ਨੇੜਿਓਂ ਲੰਘਦੇ ਹਨ ਤਾਂ ਟ੍ਰੈਫਿਕ ਸਹੂਲਤਾਂ ਲਈ ਫਲ ਪਾ ਕੇ ਸ਼ਹਿਰਾਂ ਦੇ ਉਪਰਲੇ ਜਾਂ ਹੇਠਲੇ ਪਾਸੇ ਬਾਈਪਾਸ ਕੱਢੇ ਜਾਂਦੇ ਹਨ। ਬਾਈਪਾਸ ਦੇ ਆਸੇ-ਪਾਸੇ ਵਾਲੀ ਜ਼ਮੀਨ ਝੱਟ-ਪੱਟ ਰੀਅਲ ਅਸਟੇਟ ਤੇ ਲੈਂਡ ਮਾਫੀਆ ਦੇ ਰਾਡਾਰ 'ਤੇ ਆ ਜਾਂਦੀ ਹੈ। ਜਦੋਂ ਕਿਸੇ ਖੇਤ ਦੁਆਲੇ ਚਾਰਦੀਵਾਰੀ ਹੋ ਜਾਂਦੀ ਹੈ ਤਾਂ ਜਲਦੀ ਹੀ ਉਸ ਦੇ ਆਸੇ-ਪਾਸੇ ਦੇ ਖੇਤ ਵੀ ਵਿਕ ਜਾਂਦੇ ਹਨ। ਚਾਰ-ਦੀਵਾਰੀਆਂ ਵਿਚ ਘਿਰੇ ਖੇਤ ਛੇਤੀ ਹੀ ਸਾਹ ਛੱਡ ਜਾਂਦੇ ਹਨ। ਇਕ ਇੱਟ ਦੂਜੀ ਇੱਟ ਨੂੰ ਆਵਾਜ਼ ਮਾਰ ਲੈਂਦੀ ਹੈ ਤੇ ਇਵੇਂ ਦਿਨਾਂ ਵਿਚ ਹੀ ਵੱਡੇ ਮਾਲਜ਼ ਤੇ ਮਲਟੀ ਕੰਪਲੈਕਸ ਹੋਂਦ ਵਿਚ ਆ ਜਾਂਦੇ ਹਨ।

# ਖੇਤਾਂ 'ਤੇ ਮੰਡਰਾਉਂਦੇ ਬੱਦਲ



ਗੁਰਪ੍ਰੀਤ ਸਿੰਘ ਤੂਰ
ਮੋ. 98158-00405

ਖੇਤ ਹਾਲੇ ਇਨ੍ਹਾਂ ਹਾਲਤਾਂ ਨਾਲ ਸੰਭਲੇ ਹੀ ਨਹੀਂ ਸਨ, ਕਿ ਨਵੀਆਂ ਕਲੋਨੀਆਂ ਕੱਟਣ ਲਈ ਇਕੱਲੇ ਲੁਧਿਆਣੇ ਜ਼ਿਲ੍ਹੇ ਵਿਚ 24,311 ਏਕੜ ਜ਼ਮੀਨ ਹੋਰ ਅਕਵਾਇਰ ਕਰਨ ਦਾ ਫੈਸਲਾ ਹੋ ਗਿਆ ਹੈ। ਪੰਜਾਬ ਲਈ ਅਜਿਹੇ 165 ਸੁਨੇਹੇ ਆਉਣੇ ਬਾਕੀ ਹਨ। ਇਸ ਤਰ੍ਹਾਂ ਵੱਡਾ ਹਿੱਸਾ ਖੇਤੀਯੋਗ ਜ਼ਮੀਨ ਇੱਕੋ ਝਟਕੇ ਨਾਲ ਖੇਤੀਬਾੜੀ ਦੇ ਧੰਦੇ ਤੋਂ ਬਾਹਰ ਹੋ ਜਾਵੇਗੀ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਦਾ ਰੁਤਬਾ ਗਵਾ ਬੈਠੇਗਾ।

ਖੇਤੀਯੋਗ ਜ਼ਮੀਨ ਬਾਰੇ ਅੰਕੜੇ ਡਾਇਰੈਕਟਰ ਲੈਂਡ ਰਿਕਾਰਡ ਪੰਜਾਬ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਹ ਅੰਕੜੇ ਤਸੱਲੀਬਖਸ਼ ਨਹੀਂ ਜਾਪਦੇ, ਜ਼ਮੀਨ ਦੇ ਇਸ ਘਟੇ ਦੀ ਦਰ ਇਸ ਤੋਂ ਵੱਧ ਪ੍ਰਤੀਤ ਹੁੰਦੀ ਹੈ। ਪ੍ਰਾਂਤ ਵਿਚੋਂ ਲੰਘਦੇ ਹਾਈਵੇਜ਼ ਤੇ ਮੁੱਖ ਸੜਕਾਂ 'ਤੇ ਪੈਂਦੇ ਬਹੁਤੇ ਮੱਥੇ ਵਿਕ ਚੁੱਕੇ ਹਨ। ਭੱਠਿਆਂ, ਸ਼ੈਲਰਾਂ ਤੇ ਮੈਰਿਜ ਪੈਲਿਸਾਂ ਦੀ ਤਦਾਦ ਵਿਚ ਵੀ ਵੱਡਾ ਵਾਧਾ ਹੋਇਆ ਹੈ। ਅਮੀਰਾਂ ਤੇ ਪੂਲ ਕਰਕੇ ਜ਼ਮੀਨ ਖਰੀਦਣ ਵਾਲੇ ਗਰੁੱਪਾਂ ਨੇ ਜ਼ਮੀਨ ਖਰੀਦਣ ਨੂੰ ਧੰਦੇ ਵਾਂਗ ਅਪਣਾ ਲਿਆ ਹੈ। ਇਕ ਅੰਦਾਜ਼ੇ ਅਨੁਸਾਰ ਪ੍ਰਾਂਤ ਦੀ 40 ਪ੍ਰਤੀਸ਼ਤ ਵਸੋਂ ਸ਼ਹਿਰਾਂ ਵਿਚ ਆ ਚੁੱਕੀ ਹੈ। ਕਸਬਿਆਂ ਦਾ ਵੀ ਸ਼ਹਿਰੀਕਰਨ ਹੋ ਰਿਹਾ ਹੈ। ਵੱਡੇ ਸ਼ਹਿਰਾਂ ਨੇ ਪਿੰਡਾਂ ਦੇ ਪਿੰਡ ਆਪਣੇ ਵਿਚ ਮਿਲਾ ਲਏ ਹਨ ਜੋ ਕਿ ਇਕ ਅਤੀ ਸੰਵੇਦਨਸ਼ੀਲ ਵਿਸ਼ਾ ਹੈ। ਖੇਤੀਯੋਗ ਜ਼ਮੀਨ ਦੇ ਖਾਤਮੇ ਸਬੰਧੀ ਸੂਬਾ ਸੰਕਟਕਾਲੀਨ ਹਾਲਤਾਂ ਵਿਚੋਂ ਲੰਘ ਰਿਹਾ ਹੈ। ਅੰਕੜੇ ਠੀਕ ਇਕੱਠੇ ਕੀਤੇ ਹੁੰਦੇ ਤਾਂ ਮੌਜੂਦਾ ਸਮੱਸਿਆ ਦਾ ਆਕਾਰ ਏਡਾ ਵੱਡਾ (24,311) ਨਹੀਂ ਹੋਣਾ ਸੀ।

ਚੰਡੀਗੜ੍ਹ ਤੇ ਮੁਹਾਲੀ ਦੇ ਸੈਕਟਰਾਂ ਲਈ 250 ਤੋਂ 300 ਏਕੜ ਜ਼ਮੀਨ ਪ੍ਰਤੀ ਸੈਕਟਰ ਵਰਤੀ ਗਈ ਹੈ। ਲੁਧਿਆਣਾ ਸ਼ਹਿਰ ਲਈ ਲੈਂਡ ਅਕਵਾਇਰ ਕਰਨ ਦੀ ਮੌਜੂਦਾ ਲੋੜ ਇਕ ਹਜ਼ਾਰ ਏਕੜ ਤੋਂ ਵੱਧ ਪ੍ਰਤੀਤ ਨਹੀਂ ਹੁੰਦੀ।

### ਸ਼ਹਿਰਾਂ ਵਿਚ ਜ਼ਮੀਨ ਐਕਵਾਇਰ ਕਰਨ ਦੇ ਉਦੇਸ਼

★ ਲੋੜਵੰਦਾਂ ਨੂੰ ਵਾਜਬ ਕੀਮਤ 'ਤੇ ਪਲਾਟ ਅਲਾਟ ਕੀਤੇ ਜਾਣੇ।

★ ਕਿਸਾਨਾਂ ਨੂੰ ਜ਼ਮੀਨਾਂ ਦਾ ਢੁਕਵਾਂ ਮੁਆਵਜ਼ਾ ਦੇਣਾ।

ਇਸ ਸੰਦਰਭ ਵਿਚ ਲੈਂਡ ਐਕੁਜ਼ੀਸ਼ਨ ਐਕਟ 2013 ਅਨੁਸਾਰ ਜਿਹੜੇ ਵਿਅਕਤੀਆਂ ਦਾ ਉਜਾੜਾ ਹੋਇਆ, ਉਨ੍ਹਾਂ ਦੇ ਪੁਨਰ-ਵਾਸ ਅਤੇ ਮੁੜ-ਵਸੇਬੇ ਦਾ ਵਿਸ਼ਲੇਸ਼ਣ ਕਰਵਾਉਣ ਦੀ ਲੋੜ ਹੈ।

ਜੇ ਮੁਆਵਜ਼ਾ ਢੁੱਕਵਾਂ ਮਿਲ ਵੀ ਜਾਂਦਾ ਹੈ ਤਾਂ ਮੌਜੂਦਾ ਹਾਲਤਾਂ ਵਿਚ ਛੋਟੇ ਕਿਸਾਨਾਂ ਦਾ ਮੁੜ-ਵਸੇਵਾ ਅਤਿਅੰਤ ਚੁਣੌਤੀ ਭਰਪੂਰ ਕਾਰਜ ਹੈ। ਮੁਆਵਜ਼ੇ ਦਾ ਕੁੱਝ ਹਿੱਸਾ ਉਹ ਕਰਜ਼ੇ ਦੇ ਭੁਗਤਾਨ ਲਈ ਵਰਤ ਲੈਂਦੇ ਹਨ, ਕੁਝ ਸਮਾਜਿਕ ਕਾਰਜਾਂ ਲਈ ਵਰਤ ਲਿਆ ਜਾਂਦਾ ਹੈ। ਘਰ ਨਵਾਂ ਛੱਤਣ ਜਾਂ ਪੁਰਾਣੇ ਦੇ ਨਵੀਨੀਕਰਨ 'ਤੇ ਜਾਂ ਆਉਣ-ਜਾਣ ਦੀ ਸਹੂਲਤ ਤੇ ਕੁੱਝ ਖਰਚਾ ਹੋ ਜਾਂਦਾ ਹੈ। ਦੂਜੇ ਪਾਸੇ ਛੱਪੜ ਵਿਚ ਤਿਰਛੀ ਡਿੱਕਰੀ ਮਾਰਨ 'ਤੇ ਅੱਗੇ ਦੀ ਅੱਗੇ ਉਠਦੀਆਂ ਲਹਿਰਾਂ ਵਾਂਗ (Spiral effect) ਖੇਤਾਂ ਵਿਚ ਕਾਲੇ ਧਨ ਦਾ ਵਹਿਣ ਵਹਿੰਦਾ ਹੈ। ਇਸ ਤਰ੍ਹਾਂ ਨਵੀਂ ਜ਼ਮੀਨ ਖਰੀਦਣ ਲਈ ਕੀਮਤਾਂ ਕਿਸਾਨਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਜਾਂਦੀਆਂ ਹਨ। ਕਿਸਾਨਾਂ ਕੋਲ ਕਿਸੇ ਹੋਰ ਕੰਮ-ਧੰਦੇ ਅਤੇ ਪੈਸੇ ਦੀ ਵਰਤੋਂ ਬਾਰੇ ਕੋਈ ਯੋਗਤਾ ਵੀ ਨਹੀਂ ਹੁੰਦੀ। ਅਜਿਹੀ ਸਥਿਤੀ ਵਿਚ ਲਗਭਗ ਦਸ ਹਜ਼ਾਰ ਪਰਿਵਾਰਾਂ ਦੇ ਭਵਿੱਖ 'ਤੇ ਸਵਾਲੀਆ ਚਿੰਨ੍ਹ ਹੈ।

ਪੰਜਾਬ ਦੇ ਪੇਂਡੂ ਖੇਤਰ ਵਿਚ ਵੱਧ ਤੋਂ ਵੱਧ ਜ਼ਮੀਨ ਰੱਖਣ ਦੀ ਸਤਾਰਾਂ ਏਕੜ ਦੀ ਹੱਦ ਹੈ, ਪਰ ਸ਼ਹਿਰੀ ਖੇਤਰ ਵਿਚ ਪਲਾਟਾਂ ਦੀ ਅਜਿਹੀ ਕੋਈ ਸੀਮਾਂ ਨਹੀਂ ਹੈ। ਸ਼ਹਿਰਾਂ ਵਿਚ ਕੁਝ ਅਮੀਰਾਂ ਕੋਲ ਚਾਰ-ਚਾਰ, ਛੇ-ਛੇ ਪਲਾਟ ਵੀ ਹਨ, ਜੋ ਲੋੜਵੰਦਾਂ ਦੀ ਲੋੜ ਪੂਰੀ ਕਰ ਸਕਦੇਹਨ। ਕਈਆਂ ਨੇ ਪੰਦਰਾਂ-ਵੀਹ ਏਕੜ ਦੇ ਫਾਰਮ ਹਾਊਸ ਬਣਾ ਲਏ ਹਨ। ਲੁਧਿਆਣੇ ਸ਼ਹਿਰ ਵਿਚ ਵੀਹ-ਵੀਹ, ਤੀਹ-ਤੀਹ ਸਾਲ ਪੁਰਾਣੇ ਪਲਾਟ ਖਾਲੀ ਪਏ ਹਨ। ਇਕ ਫਰਮ ਨੇ ਲੁਧਿਆਣੇ ਨੇੜੇ 2003 ਵਿਚ ਤਿੰਨ ਸੌ ਏਕੜ ਰਕਬੇ ਵਿਚ ਗੌਲਫ ਕੋਰਸ ਬਣਾ ਲਿਆ ਹੈ। ਜੇ ਘਾਟ ਹੈ ਤਾਂ ਇੱਥੇ ਹੀ ਪਲਾਟਾਂ ਦੇ ਘਰਾਂ ਦੀ ਥੋੜ ਸ਼ੁਰੂ ਹੁੰਦੀ ਹੈ, ਪਰ ਵਾਰ-ਵਾਰ ਕਿਰਤੀਆਂ ਤੇ ਕਿਸਾਨਾਂ ਨੂੰ ਹੀ ਕਿਉਂ ਰਾਡਾਰ 'ਤੇ ਲਿਆ ਜਾਂਦਾ ਹੈ। ਇਹ ਅਤਿ ਦੁਖਦਾਇਕ ਗੱਲ ਹੈ।

| ਖਤਮ ਹੋ ਰਹੀ ਖੇਤੀਯੋਗ ਜ਼ਮੀਨ ਦਾ ਵਿਸਤਾਰ ਹੇਠ ਲਿਖੇ ਅਨੁਸਾਰ ਹੈ : | | |
|---|---|---|
| ਸਾਲ | ਰਕਬਾ (ਲੱਖ ਹੈਕ.) | ਕਥਨ |
| 2000 | 42,50,000 | ਖੇਤੀ ਰਕਬਾ 5000 ਤੋਂ 7000 ਹੈਕਟੇਅਰ ਪ੍ਰਤੀ ਸਾਲ ਘਟਦਾ ਆ ਰਿਹਾ ਹੈ। |
| 2020 | 00,25,000 | ਨੈਸ਼ਨਲ ਹਾਈਵੇਅ ਅਥਾਰਟੀ ਵੱਲੋਂ ਨਵੇਂ ਮਾਰਗ ਬਣਾਉਣ ਲਈ ਵਰਤ ਲਿਆ ਗਿਆ। |
| 2025 | 00,10,000 | ਗਲਾਡਾ ਲੁਧਿਆਣਾ ਵੱਲੋਂ ਅਕਵਾਇਰ ਕੀਤਾ ਜਾ ਰਿਹਾ ਹੈ। |
| 2025 | --- | ਗਲਾਡਾ ਲੁਧਿਆਣਾ ਵਾਂਗ 165 ਹੋਰ ਸ਼ਹਿਰਾਂ ਵਿਚੋਂ ਕਲੋਨੀਆਂ ਕੱਟਣ ਦੀ ਤਜਵੀਜ਼ ਹੈ। |

ਕਿਸਾਨਾਂ ਵੱਲੋਂ ਮੁਆਵਜ਼ਾ ਰਕਮ ਕਿੱਥੇ ਅਤੇ ਕਿਸ ਉਦੇਸ਼ ਲਈ ਵਰਤੀ ਜਾਵੇਗੀ, ਇਹੋ ਸਫਰ ਉਜਾੜੇ ਤੋਂ ਮੁੜ-ਵਸੇਬੇ ਤੇ ਪੁਨਰਵਾਸ ਦੇ ਚਿੱਤਰ ਉਲੀਕੇਗਾ। ਕਿਸਾਨਾਂ ਕੋਲ ਖੇਤੀ ਤੋਂ ਇਲਾਵਾ ਗੁਜ਼ਾਰਾ ਕਰਨ ਲਈ ਹੋਰ ਧੰਦਾ ਨਹੀਂ ਹੈ, ਜਦੋਂ ਕਿ ਖੇਤ ਦਰਗੁਜ਼ਰ ਕਰਨ ਲਈ ਇਕ ਪੱਕਾ ਤੇ ਸਦੀਵੀ ਵਸੀਲਾ ਹੈ। ਲੁਧਿਆਣੇ ਸ਼ਹਿਰ ਨੇ ਕਈ ਪਿੰਡ ਆਪਣੇ ਵਿਚ ਸਮੋਂ ਲਏ ਹਨ। ਜਿਹੜੇ ਕਿਸਾਨਾਂ ਦੀ ਜਮੀਨ ਅਕਵਾਇਰ ਹੋਈ, ਉਨ੍ਹਾਂ ਚੋਂ ਬਹੁਤਿਆਂ ਨੇ ਕੋਠੀਆਂ ਪਾ ਲਈਆਂ, ਮਹਿੰਗੀਆਂ ਗੱਡੀਆਂ ਖਰੀਦ ਲਈਆਂ। ਉਨ੍ਹਾਂ ਦੀ ਅਗਲੀ ਪੀੜ੍ਹੀ ਬਰੈਂਡਿਡ ਵਸਤਾਂ ਦੀ ਗੁਲਾਮ ਬਣ ਗਈ। ਸਰੀਰ ਭਾਰੇ ਤੇ ਮਨ ਬੋਝਲ ਹੋ ਗਏ। ਵਿਹਲ ਨੇ ਐਸ਼-ਪ੍ਰਸਤੀ ਤੇ ਵਿਕਾਰਾਂ ਨੂੰ ਜਨਮ ਦਿੱਤਾ।

ਪੰਜਾਬ ਪਿੰਡਾਂ ਦਾ ਸਮੂਹ ਹੈ। ਮਾਡਰਨ ਜ਼ਿੰਦਗੀ ਦੀਆਂ ਵੱਡੀਆਂ ਤਬਦੀਲੀਆਂ ਦੇ ਬਾਵਜੂਦ ਖੇਤ, ਪਸ਼ੂ-ਧਨ, ਖੇਤੀ ਆਧਾਰਿਤ ਲਘੂ ਅਤੇ ਘਰੇਲੂ ਸਨਅਤ ਪੰਜਾਬੀ ਜੀਵਨ ਦਾ ਮੂਲ ਆਧਾਰ ਰਹੇ ਹਨ। ਖੇਤਾਂ ਤੋਂ ਬਿਨਾਂ ਪਿੰਡ ਦੀ ਹੋਂਦ ਕੀ ਹੋਏਗੀ, ਇਸ ਨਾਲ ਪਿੰਡ ਦੀ ਰਹਿਤਲ ਉੱਜੜ ਜਾਵੇਗੀ। ਮਾਰੂਥਲ ਵਿਚ ਨਾਲੋ-ਨਾਲ ਮਿਟਦੀਆਂ ਪੈੜਾਂ ਵਾਂਗ ਖੇਤੀ ਅਲੋਪ ਹੋਣ ਨਾਲ ਕਿਰਤ-ਸੱਭਿਆਚਾਰ ਤੇ ਵਿਰਸੇ ਦੇ ਨਿਸ਼ਾਨ ਮਿਟ ਜਾਣਗੇ। ਖੇਤਾਂ 'ਤੇ ਕਿਸਾਨਾਂ ਦੀ ਹੀ ਨਿਰਭਰਤਾ ਨਹੀਂ ਹੈ; ਬਲਕਿ ਸਦੀਆਂ ਤੋਂ ਇਕ ਸਭਿਅਤਾ ਪਨਪ ਰਹੀ ਹੈ। ਭੇਡਾਂ-ਬੱਕਰੀਆਂ ਪਾਲਦੇ ਲੋਕ, ਮੱਝਾਂ ਲਈ ਫਿਰਦੇ ਗੁੱਜਰ, ਵੱਡੀਆਂ ਵਾਲੇ ਵਣਜਾਰੇ, ਪੇਂਡੂ ਜੀਵਨ 'ਤੇ ਨਿਰਭਰ ਹਨ। ਜ਼ਮੀਨ 'ਤੇ ਆਂਡੇ ਦੇਣ ਵਾਲੇ ਪੰਛੀ ਛੇਤੀ ਹੀ ਅਲੋਪ ਹੋ ਜਾਣਗੇ। ਟਾਹਲੀਆਂ, ਬੇਰੀਆਂ, ਬਾਗ, ਝਿੜੀ, ਖੂਹ ਸਦੀਆਂ ਤੋਂ ਪੰਜਾਬੀਆਂ ਦਾ ਧੜਕਦਾ ਜੀਵਨ ਬੱਤੀ ਚਲੇ ਜਾਣ ਵਾਂਗ ਅਚਾਨਕ ਹਨ੍ਹੇਰੇ ਵਿਚ ਸਮੋਂ ਜਾਵੇਗਾ। 'ਬਾਜਰੇ ਦਾ ਸਿੱਟਾ ਨੀ ਅਸਾਂ ਤਲੀ 'ਤੇ ਮਰੋੜਿਆ' ਖੇਤਾਂ ਨਾਲੋਂ ਟੁੱਟ ਕੇ ਸਾਡੇ ਵਿਰਸੇ ਤੇ ਸਭਿਆਚਾਰ ਦਾ ਰੰਗ ਫਿੱਕਾ ਪੈ ਜਾਵੇਗਾ।

ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਉਣ ਲਈ ਪੰਜਾਬ ਪ੍ਰਾਂਤ ਦੀ ਚੋਣ ਹੋਈ। ਉਪਜਾਊ ਜ਼ਮੀਨ ਤੇ ਪਾਣੀ ਦੀ ਸਹੂਲਤ ਇਸ ਚੋਣ ਦੇ ਮੁੱਢਲੇ ਕਾਰਨ ਬਣੇ। ਹਰੀ ਕ੍ਰਾਂਤੀ ਨਾਲ ਪੰਜਾਬ ਦਹਾਕਿਆਂ ਤੱਕ ਦੇਸ਼ ਵਾਸੀਆਂ ਲਈ ਅਨਾਜ ਮੁਹੱਈਆ ਕਰਵਾਉਂਦਾ ਰਿਹਾ। ਹੁਣ ਬਾਕੀ ਪ੍ਰਾਂਤ ਵੀ ਚੰਗੀ-ਚੋਖੀ ਮਾਤਰਾ ਵਿਚ ਅਨਾਜ ਪੈਦਾ ਕਰਨ ਲੱਗ ਪਏ ਹਨ, ਪਰ ਅੱਜ ਵੀ ਅਨਾਜ ਦੇ ਕੇਂਦਰੀ ਪੂਲ ਵਿਚ ਕਣਕ ਤੇ ਝੋਨੇ ਦਾ ਸਭ ਤੋਂ ਵੱਧ ਹਿੱਸਾ ਪੰਜਾਬ ਪਾ ਰਿਹਾ ਹੈ। ਭੋਜਨ ਮਨੁੱਖ ਦੀ ਮਹੱਤਵਪੂਰਨ ਲੋੜ ਹੈ। ਪ੍ਰਾਂਤ ਵਿਚੋਂ ਜ਼ਮੀਨ ਨੂੰ ਵਾਰ-ਵਾਰ ਅਕਵਾਇਰ ਕਰਕੇ ਖੇਤੀ ਖੇਤਰ ਤੋਂ ਬਾਹਰ ਕੱਢ ਲੈਣਾ ਦੇਸ਼ ਦੀ ਭੋਜਨ-ਸੁਰੱਖਿਆ ਸਮਰੱਥਾ (Food Security Capacity) ਲਈ ਇਕ ਗੰਭੀਰ ਖਤਰਾ ਹੈ। ਕਿਸਾਨਾਂ ਨੂੰ ਇਵੇਂ ਖੇਤੀ ਵੱਲੋਂ ਲਗਾਤਾਰ ਨਿਰਾਸ਼ ਕਰਨਾ ਇਸ ਖਤਰੇ ਨੂੰ ਹੋਰ ਪਕੇਰਾ ਕਰਦਾ ਹੈ।

### ਜ਼ਮੀਨ ਅਕਵਾਇਰ ਕਰਨ ਦੇ ਆਧਾਰ

★ ਪ੍ਰਾਈਵੇਟ ਵਿਅਕਤੀ ਵੱਡੀ ਪੱਧਰ 'ਤੇ ਜ਼ਮੀਨਾਂ ਖਰੀਦ ਰਹੇ ਹਨ। ਇਹ ਕਿਸਾਨਾਂ ਨੂੰ ਬਚਾਉਣ ਦਾ ਹੀਲਾ ਹੈ।

★ ਪਲਾਟ ਤੇ ਘਰ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ।



★ ਪ੍ਰਾਈਵੇਟ ਲੋਕ ਕਲੋਨੀਆਂ ਕੱਟ ਕੇ ਮਹਿੰਗੇ ਭਾਅ 'ਤੇ ਪਲਾਟ ਵੇਚ ਰਹੇ ਹਨ। ਅੱਗੇ ਦੀ ਅੱਗੇ ਉਹ ਅਥਾਹ ਧਨ ਕਮਾ ਰਹੇ ਹਨ।

★ ਇਹ ਯਤਨ ਨਾਗਰਿਕਾਂ ਨੂੰ ਵਾਜਬ ਰੇਟ 'ਤੇ ਪਲਾਟ ਮੁਹੱਈਆ ਕਰਵਾਉਣ ਦਾ ਉਪਰਾਲਾ ਹੈ।

★ ਰਜਿਸਟਰੀ ਕੀਮਤ ਤੇ ਮਾਰਕੀਟ ਕੀਮਤ ਦੇ ਫਰਕ ਕਾਰਨ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਹੋ ਰਿਹਾ ਹੈ।

ਹਰ ਪ੍ਰਾਂਤ ਨੇ ਆਪਣੀ ਜ਼ਮੀਨ ਦੀ ਸੰਭਾਲ ਲਈ ਕੋਈ ਨਾ ਕੋਈ ਕਾਨੂੰਨ, ਸੋਧ, ਰੈਗੂਲੇਸ਼ਨ ਆਦਿ ਹੋਂਦ ਵਿਚ ਲਿਆਂਦੇ ਹਨ, ਪਰ ਪੰਜਾਬ ਨੇ ਇਹ ਰਾਹ ਖੁੱਲ੍ਹਮ-ਖੁੱਲ੍ਹਾ ਛੱਡਿਆ ਹੀ ਨਹੀਂ ਬਲਕਿ ਪ੍ਰਾਂਤ ਵਿਚ ਬਾਹਰਲੇ ਖਰੀਦਦਾਰਾਂ ਨੂੰ ਰਾਜਸੀ ਮਦਦ ਵੀ ਮਿਲਦੀ ਆ ਰਹੀ ਹੈ। ਪੰਜਾਬ 'ਤੇ ਰਾਜ ਕਰਦੀਆਂ ਆ ਰਹੀਆਂ ਪਾਰਟੀਆਂ ਇਸ ਲਈ ਜ਼ੁੰਮੇਵਾਰ ਹਨ। ਪੰਜਾਬ ਇਕ ਅਜਿਹਾ ਸੂਬਾ ਹੈ, ਜਿੱਥੇ ਕੋਈ ਵੀ ਵਿਅਕਤੀ ਜਿੰਨੀ ਮਰਜ਼ੀ ਜ਼ਮੀਨ ਖਰੀਦ ਲਵੇ। ਪਿਛਲੇ 10-15 ਵਰ੍ਹਿਆਂ ਦੌਰਾਨ ਲੁਧਿਆਣੇ ਦੇ ਆਸੇ-ਪਾਸੇ ਤਿੰਨ-ਤਿੰਨ, ਚਾਰ-ਚਾਰ ਸੌ ਏਕੜ ਦੀ ਖਰੀਦਦਾਰੀ ਦੀਆਂ ਕਈ ਉਦਾਹਰਨਾਂ ਹਨ।

★ ਪ੍ਰਾਈਵੇਟ ਵਿਅਕਤੀਆਂ ਵੱਲੋਂ ਖੇਤੀਯੋਗ ਉਪਜਾਊ ਜ਼ਮੀਨ ਨੂੰ ਵੱਡੀ ਪੱਧਰ 'ਤੇ ਖਰੀਦਣ ਤੇ ਖੇਤੀ ਸੈਕਟਰ ਤੋਂ ਬਾਹਰ ਕੱਢ ਲੈਣ ਲਈ ਸਿਸਟਮ ਜ਼ੁੰਮੇਵਾਰ ਹੈ।

★ ਅਣ-ਅਧਿਕਾਰਿਤ ਬਣੀਆਂ ਕਲੋਨੀਆਂ ਨੂੰ ਆਪਣੀਆਂ ਰਾਜਨੀਤਕ ਲੋੜਾਂ ਲਈ ਰੈਗੂਲਰ ਕਰ ਦੇਣਾ ਸਿਸਟਮ ਅੱਗੇ ਗੰਭੀਰ ਸਵਾਲ ਹੈ।

★ ਸਦੀ ਦੇ ਪਹਿਲੇ ਦਹਾਕੇ ਦੌਰਾਨ ਮਾਸਟਰ ਪਲੈਨਿੰਗ ਦੇ ਆਧਾਰਿਤ ਸ਼ਹਿਰਾਂ ਨੇੜੇ ਐਗਰੀਕਲਚਰ ਜ਼ੋਨ ਰਾਖਵੇਂ ਰੱਖੇ ਗਏ ਸਨ। ਪ੍ਰਭਾਵਸ਼ਾਲੀ ਵਿਅਕਤੀ ਚੇਂਜ ਆਫ ਲੈਂਡ ਯੂਜ਼ (Change of Land Use) ਦੀ ਇਜਾਜ਼ਤ ਲੈ ਕੇ ਐਗਰੀਕਲਚਰ ਤੇ ਹੋਰ ਅਜਿਹੇ ਰਾਖਵੇਂ ਜ਼ੋਨਾਂ ਨੂੰ ਮਰਜ਼ੀ ਨਾਲ ਵਰਤ ਲੈਂਦੇ ਹਨ। ਇਹ ਵਰਤਾਰਾ ਪਿਛਲੇ ਦੋ ਦਹਾਕਿਆਂ ਤੋਂ ਨਿਰੰਤਰ ਜਾਰੀ ਹੈ।

ਅਜਿਹੇ ਲੋਕਾਂ ਨਾਲ ਨਜਿੱਠਣ ਦੀ ਥਾਂ ਸਿਸਟਮ ਨੇ ਕਿਸਾਨਾਂ ਅਤੇ ਪਿੰਡਾਂ ਦੀ ਹੋਂਦ 'ਤੇ ਨਿਸ਼ਾਨਾ ਸੇਧਿਆ ਹੈ। ਪਿੰਡਾਂ ਦੀ ਹੋਂਦ ਪੰਜਾਬ ਅਤੇ ਖੇਤਾਂ ਦੀ ਹੋਂਦ ਪੰਜਾਬੀਅਤ ਹੈ।

ਪਿੰਡਾਂ ਦੀ ਖੁਸ਼ਹਾਲੀ ਲਈ ਸਿਸਟਮ ਨੂੰ ਇਹ ਫੈਸਲਾ ਦੁਬਾਰਾ ਵਿਚਾਰ ਲੈਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

# ਆਓ ਆਲਮੀ ਤਪਸ਼ ਘਟਾਈਏ

ਡਾ. ਨਿਰਮਲ ਸਿੰਘ,
ਸੇਵਾਦਾਰ ਪੰਜਾਬੀ ਸੱਥ,
ਲਾਂਬੜਾ-ਜਲੰਧਰ

ਅੱਜ ਤੋਂ ਢਾਈ-ਤਿੰਨ ਸਦੀਆਂ ਪਹਿਲਾਂ ਬਾਬੇ ਵਾਰਸ਼ ਸ਼ਾਹ ਨੇ ਆਪਣੀ ਸ਼ਾਹਕਾਰ ਰਚਨਾ 'ਹੀਰ' ਦੇ ਕਿੱਸੇ ਵਿਚ ਬੜਾ ਗਹਿਰ-ਗੰਭੀਰ ਸਵਾਲ ਸਾਡੇ ਭਾਈਚਾਰੇ ਦੇ ਸਿਰਮੌਰ ਭਰਾਵਾਂ ਸਾਹਮਣੇ ਕੁਝ ਸੋਚਣ ਤੇ ਅਮਲ ਕਰਨ ਲਈ ਉਠਾਇਆ ਸੀ -

**ਇਕ ਜੱਟ ਦੇ ਖੇਤ ਨੂੰ ਅੱਗ ਲੱਗੀ,**
**ਵੇਖਾਂ ਆਣ ਕੇ ਕਦੋਂ ਬੁਝਾਂਵਦਾ ਈ ।**

ਅੱਜ ਉਹੋ ਅੱਗ ਇਕ ਦੋ ਖੇਤਾਂ ਨੂੰ ਨਹੀਂ, ਸਮੁੱਚੇ ਪੰਜਾਬ, ਹਰਿਆਣੇ ਤੇ ਪੱਛਮੀ ਯੂ. ਪੀ. ਦੇ ਖੇਤਾਂ, ਰੁੱਖਾਂ, ਬੂਟਿਆਂ, ਜੀਵ-ਜੰਤੂਆਂ, ਜੜ੍ਹੀਆਂ-ਬੂਟੀਆਂ ਤੇ ਸਭ ਤੋਂ ਵੱਧ 'ਮਾਤਾ ਧਰਤਿ ਮਹਤੁ' ਨੂੰ ਹਰ ਆਏ ਵਰ੍ਹੇ ਵਿਸਾਖ-ਜੇਠ ਅਤੇ ਕੱਤਕ-ਮੱਘਰ ਦੇ ਮਹੀਨਿਆਂ ਵਿਚ ਦੋ ਵਾਰ



ਲੂੰਹਦੀ ਹੈ । ਭਸਮਾਸੁਰ ਦਾ ਇਹ ਤਾਂਡਵ ਨਾਚ ਨਾ ਕਦੀ ਕਿਸੇ ਮੰਤਰੀ-ਸੰਤਰੀ ਨੂੰ ਝੰਜੋੜਦਾ ਏ ਤੇ ਨਾ ਈ ਕਿਸੇ ਮੋਟੀਆਂ ਤਨਖਾਹਾਂ ਬਟੋਰਨ ਵਾਲੇ ਸਰਕਾਰੀ ਅਫਸਰਸ਼ਾਹ ਨੂੰ । ਧਰਮ ਕਰਮ ਦੇ ਪਹਿਰੇਦਾਰ ਅਖਵਾਉਣ ਵਾਲੇ, ਸਵਰਗਾਂ ਦੇ ਨਕਸ਼ੇ ਵਿਖਾਉਣ ਵਾਲੇ ਅਖਾਉਤੀ ਮਹਾਂਪੁਰਸ਼ਾਂ ਤੇ ਧਰਮ ਦੀ ਅਗਵਾਈ ਕਰਨ ਵਾਲਿਆਂ ਨੂੰ ਇਹ ਮਹਾਂ ਪਾਪ ਤੇ ਕਦੀ ਨਜ਼ਰ ਹੀ ਨਹੀਂ ਆਇਆ ? ਆਮ ਲੋਕਾਈ ਦੀ ਤਾਂ ਗੱਲ ਈ ਵੱਖਰੀ ਹੈ ਕਿਉਂਕਿ ਉਹ ਸਹਿਜ ਵਾਲਾ ਸਿਹਤਮੰਦ ਰਾਹ ਵਿਸਾਰ ਕੇ ਸੰਸਾਰੀਕਰਨ ਵਾਲੀ ਭੋਗਵਾਦੀ ਗੱਡੀ ਦੇ ਮੁਸਾਫਰ ਬਣ ਕੇ ਮਾਇਆ ਦੀ ਚਕਾਚੌਂਧ ਵਿਚ ਸਭ ਕੁੱਝ ਭੁੱਲ ਗਏ ਹਨ । ਉਨ੍ਹਾਂ ਦੀ ਮੱਤ ਮਾਰੀ ਗਈ ਹੈ । ਗੁਰਬਾਣੀ ਅਨੁਸਾਰ 'ਮਾਇਆਧਾਰੀ ਅਤਿ ਅੰਨਾ ਬੋਲਾ ।' ਸਮੁੱਚੇ ਸਮਾਜ ਨੂੰ ਨਾ ਕੁਦਰਤ ਦੇ ਪਸਾਰੇ ਦੀ ਪ੍ਰਵਾਹ ਹੈ ਤਾਂ ਨਾ ਹੀ ਆਪਣੇ ਆਰ-ਪਰਿਵਾਰ ਦੀ ਤੰਦਰੁਸਤੀ ਜਾਂ ਖੁਦ ਆਪਣੇ ਤਨ-ਬਦਨ ਦੀ ।

ਕਦੇ ਕਦਾਈਂ ਅਖਬਾਰਾਂ, ਟੀ. ਵੀ., ਰੇਡੀਓ ਜਾਂ ਪ੍ਰਚਾਰ ਪ੍ਰਸਾਰ ਵਾਲੇ ਵਾਤਾਵਰਣ ਦੀ ਪਲੀਤੀ ਦਾ ਜ਼ਿਕਰ ਜ਼ਰੂਰ ਛੇੜਦੇ ਹਨ ਉਹ ਵੀ ਖਾਨਾਪੂਰਤੀ ਤੋਂ ਵੱਧ ਕੁਝ ਨਹੀਂ ਹੁੰਦਾ । ਉਨ੍ਹਾਂ ਨੂੰ ਰਾਜਨੀਤੀ, ਅਰਥਚਾਰੇ, ਅਸੱਭਿਅਕ-ਲੱਚਰ ਸਭਿਆਚਾਰ ਤੇ ਚਸਕੇਬਾਜ਼ ਸਾਹਿਬ ਅਤੇ ਵਿਕਾਊ ਖਬਰਾਂ, ਰਿਪੋਰਟਾਂ ਤੋਂ ਹੀ ਵਿਹਲ ਨਹੀਂ ਮਿਲਦੀ । ਕੋਰਟ, ਕਚਹਿਰੀਆਂ ਵਰ੍ਹੇ-ਛਿਮਾਹੀਂ ਕੋਈ ਹਿਲਜੁਲ ਜ਼ਰੂਰ ਪੈਦਾ ਕਰ ਦਿੰਦੀਆਂ ਨੇ ਪਰ ਉਨ੍ਹਾਂ ਦਾ ਉਹ ਹੁਕਮ 'ਪੈਂਚਾਂ ਦਾ ਕਿਹਾ ਸਿਰ ਮੱਥੇ, ਪਰ ਪਰਨਾਲਾ ਉਥੇ ਦਾ ਉਥੇ' ਵਾਲੀ ਅਖਾਉਤ ਬਣ ਕੇ ਰਹਿ ਜਾਂਦਾ ਹੈ । ਕੁਝ ਸਹੀ ਰਾਹ ਵਿਖਾਉਣ ਵਾਲੇ ਸੰਤ ਜਿਵੇਂ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਬਲਬੀਰ ਸਿੰਘ ਸੀਚੇਵਾਲ ਆਪਣੇ ਵੱਲੋਂ ਨਿਰੰਤਰ ਉਪਰਾਲੇ ਕਰ ਰਹੇ ਹਨ । ਇਵੇਂ ਹੀ ਕੁਝ ਸੱਜਣਾਂ ਨੇ ਸਮੂਹਿਕ ਰੂਪ ਵਿਚ ਜਾਂ ਵਿਅਕਤੀਗਤ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ, ਜਿਨ੍ਹਾਂ ਵਿਚ 'ਅਜੀਤ ਹਰਿਆਵਲ ਲਹਿਰ-ਜਲੰਧਰ', ਬਾਬਾ ਆਇਆ ਸੀ ਰਿਆੜਕੀ ਕਾਲਜ ਤੁਗਲਵਾਲਾ', 'ਪਿੰਗਲਵਾੜਾ-ਅੰਮ੍ਰਿਤਸਰ', ਸ੍ਰੀ ਸੁਰਿੰਦਰ ਬਾਂਸਲ-ਚੰਡੀਗੜ੍ਹ, ਚੌਗਿਰਦਾ ਬਚਾਓ ਕਮੇਟੀ ਪੰਜਾਬ-ਜਲੰਧਰ ਆਦਿ । ਪਰ ਇਹ ਸਾਰਾ ਕੁਝ ਅਜੇ ਵੀ ਨਗਾਰਖਾਨੇ ਵਿਚ ਤੂਤੀ ਤੋਂ ਵੱਧ ਨਹੀਂ । ਸਰਕਾਰ ਵੱਲੋਂ ਕਾਇਮ ਪ੍ਰਦੂਸ਼ਣ ਨਿਯੰਤਰਣ ਬੋਰਡ, ਵਣ ਵਿਭਾਗ, ਸਿਹਤ ਅਤੇ ਪਾਣੀ ਨਾਲ ਸਬੰਧਤ ਮਹਿਕਮੇ ਬੇਹੱਦ ਨਿਕੰਮੇ ਤੇ ਨਿੰਦਣਯੋਗ ਸਾਬਤ ਹੋਏ ਹਨ । ਆਉ ਕੁਝ ਦਹਾਕੇ ਪਿਛਾਂਹ ਝਾਤ ਮਾਰੀਏ ਜਦੋਂ ਪੰਜਾਬ ਸੱਚੀ-ਮੁੱਚੀ ਪਾਣੀਆਂ, ਤਰੋ ਤਾਜ਼ਾ ਕਰਨ ਵਾਲੀਆਂ ਪੌਣਾਂ ਅਤੇ ਰਿਸ਼ਟ-ਪੁਸ਼ਟ ਰੱਖਣ ਵਾਲੀ ਖਾਧ-ਖੁਰਾਕ 'ਤੇ ਮਾਣ ਕਰ ਸਕਦਾ ਸੀ ।

ਕਣਕ ਦਾ ਨਾੜ ਤੇ ਝੋਨੇ ਦੀ ਪਰਾਲੀ ਸਾੜਨ ਦਾ ਰੁਝਾਨ ਹਕੀਕਤ ਵਿਚ ਅਖਾਉਤੀ ਹਰੇ ਇਨਕਲਾਬ ਦੀ ਹਨ੍ਹੇਰੀ ਤੋਂ ਕੁਝ ਸਾਲ ਪਿਛੋਂ 1970-80 ਵਾਲੇ ਦਹਾਕੇ ਵਿਚ ਸ਼ੁਰੂ ਹੋਇਆ । ਉਦੋਂ ਪੰਜਾਬੀਆਂ ਨੇ ਭੁੱਖੇ ਮਰਦੇ ਭਾਰਤ ਦਾ ਢਿੱਡ ਤਾਂ ਭਰ ਦਿੱਤਾ ਪਰ ਆਪਣੇ ਵਾਤਾਵਰਣ, ਸਿਹਤ ਤੇ ਕੁਦਰਤ ਨਾਲੋਂ ਨਿਖੇੜਾ ਕਰ ਲਿਆ । ਇਨ੍ਹਾਂ ਨੂੰ ਆਪਣੀ ਅਕਲ ਹੀ ਬਹੁਤੀ ਜਾਪਣ ਲੱਗੀ । ਇਹ ਲਾਈਲੱਗਪੁਣੇ 'ਚ ਨਵੇਂ ਦੋਗਲੇ ਖੁਸ਼ਕ ਬੀਜ, ਅਤਿ ਭਿਆਨਕ ਮਾਰੂ ਜ਼ਹਿਰਾਂ ਕੀਟਨਾਸ਼ਕਾਂ ਅਤੇ ਖਾਦਾਂ ਦੇ ਰੂਪ ਵਿਚ, ਲਹੂ ਪੀਣੇ ਲੋਹੇ ਦੇ ਟ੍ਰੈਕਟਰਾਂ, ਪੰਪਾਂ ਤੇ ਹੋਰ ਸੰਦ ਵਲੇਵਿਆਂ ਦੀ ਵਰਤੋਂ, ਪੂਰਬੀਆਂ ਕੋਲੋਂ ਕੰਮ ਕਰਵਾਉਣ ਦੀ ਮਜ਼ਬੂਰੀ ਵਿਚ ਆਪਣਾ-ਆਪ ਭੁੱਲ ਗਏ । ਉਪਜ ਵਧਾਉਣ, ਵਧ ਪੈਸੇ ਕਮਾਉਣ, ਧਨਵਾਨ ਅਖਵਾਉਣ ਦੀ ਧੁਨ ਕਾਰਨ ਖੇਤਾਂ ਵਿਚੋਂ ਇਕ ਫਸਲ ਦੀ ਥਾਂ ਤਿੰਨ-ਤਿੰਨ, ਚਾਰ-ਚਾਰ ਫਸਲਾਂ ਉਗਾਉਣ ਦੀ ਪ੍ਰਵਿਰਤੀ ਭਾਰੂ ਹੋ ਗਈ । ਕਣਕਾਂ ਦੀ ਵਾਢੀ ਅਤੇ ਝੋਨੇ ਦੀ ਕਟਾਈ ਤੋਂ ਬਾਅਦ ਦੂਜੇ ਦਿਨ ਹੀ ਨਵੀਂ ਫਸਲ ਲਈ ਜ਼ਮੀਨ ਤਿਆਰ ਕਰਨ ਵਾਸਤੇ ਨਾੜ ਜਾਂ ਪਰਾਲੀ ਸਾੜਨ ਦੀ ਇਹ ਕੁਲਹਿਣੀ ਪਿਰਤ ਤੁਰੀ । ਅੱਜ ਅਸੀਂ ਇਹ ਅਤਿ ਭਿਆਨਕ ਕਾਰੇ ਦੇ ਮਾੜੇ ਸਿੱਟੇ ਪ੍ਰਤੱਖ ਰੂਪ ਵਿਚ ਮਹਿਸੂਸ ਕਰ ਰਹੇ ਹਾਂ । ਖੇਤਾਂ ਵਿਚੋਂ ਉਠ ਰਿਹਾ ਇਹ ਧੂੰਆਂ ਤੇ ਅੱਗ ਦੇ ਭਾਂਬੜ ਸਿਰਫ ਅੱਗ ਨਹੀਂ ਇਹ ਸਾਡੀ ਅਤਿ ਭਿਆਨਕ ਹੋਣੀ ਦੇ ਵਰੰਟ ਹਨ । ਇਸ ਧੂੰਏਂ ਵਿਚ ਨਿਰੀ ਕਾਰਬਨ ਗੈਸ ਹੀ ਨਹੀਂ ਇਹਦੇ ਵਿਚ ਕਾਰਬਨ ਮੋਨੋਆਕਸਾਈਡ, ਸਲਫਰ, ਨਾਈਟਰੋਜਨ ਵਰਗੀਆਂ ਮਾਰੂ ਗੈਸਾਂ ਤੋਂ ਇਲਾਵਾ ਖੇਤੀ 'ਚ ਵਰਤੇ ਗਏ ਸਾਰੇ ਰਸਾਇਣਕ ਪਦਾਰਥਾਂ ਦੀ ਘਾਤਕ ਰਹਿੰਦ-ਖੂੰਹਦ ਵੀ ਸ਼ਾਮਲ ਹੁੰਦੀ ਹੈ । ਇਹੋ ਕਾਰਨ ਹੈ ਕਿ ਜਦੋਂ ਅੱਗਾਂ ਖੇਤਾਂ ਵਿਚ ਉਠਦੀਆਂ ਨੇ ਤਾਂ ਘਰਾਂ ਅੰਦਰ ਬੈਠੇ ਲੋਕ ਦਮੇ, ਅਲਰਜੀ, ਅੱਖਾਂ, ਚਮੜੀ ਤੇ ਜਿਗਰ ਦੀਆਂ ਬਿਮਾਰੀਆਂ ਵਾਲੇ ਵੱਡੇ-ਛੋਟੇ ਖਾਸ ਕਰ ਬੱਚੇ-ਬੁੱਢੇ ਇਕਦਮ ਅਸਰ ਮਹਿਸੂਸ ਕਰਦੇ ਹਨ । ਉਹ ਕਿਸੇ ਨਾ ਕਿਸੇ ਖਤਰਨਾਕ ਰੋਗ ਦੀ ਜਕੜ ਵਿਚ ਆ ਜਾਂਦੇ ਹਨ ।

ਖੇਤਾਂ ਵਿਚਲੀ ਅੱਗ ਰੂਪੀ ਡੈਣ ਰਾਹਗੀਰਾਂ ਨੂੰ ਵੀ ਭੁੰਨ ਸੁੱਟਦੀ ਹੈ । ਗੱਡੀਆਂ, ਮੋਟਰਾਂ, ਪਸ਼ੂਆਂ, ਢਾਰਿਆਂ, ਕੋਠਿਆਂ ਤੇ ਬਿਜਲੀ ਦੀਆਂ ਤਾਰਾਂ ਨੂੰ ਅਕਸਰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ । ਧਰਤੀ ਵਿਚਲੇ ਗੰਡ-ਗੰਡੋਏ, ਡੱਡੂ, ਕੱਛੂ, ਰੁੱਖਾਂ ਦੇ ਹਰੇ-ਭਰੇ ਫੁੱਲ, ਪੱਤੇ ਅਤੇ ਅਦਿੱਖ ਜੀਅ-ਜੰਤ ਇਹਦੀ ਲਪੇਟ 'ਚ ਆ ਜਾਂਦੇ ਨੇ । ਮਾਂ ਧਰਤੀ ਦਾ ਸੀਨਾ ਰੇਤ ਵਾਂਗੂੰ ਭੁੱਜ ਕੇ ਬਾਂਝ ਹੋ ਜਾਂਦਾ ਹੈ । ਦਮਾ, ਕੈਂਸਰ, ਅਲਰਜੀ, ਬਲੱਡ ਪ੍ਰੈਸ਼ਰ, ਯੂਰਿਕ ਐਸਿਡ ਵੱਧਣ, ਗੁਰਦੇ ਫੇਲ੍ਹ ਹੋਣ, ਜੋੜਾਂ ਦੀ ਤਕਲੀਫ, ਚਮੜੀ ਰੋਗ ਹੋਰ ਤਾਂ ਹੋਰ ਬੰਦਿਆਂ ਵਿਚ ਨਾਮਰਦੀ, ਔਰਤਾਂ ਵਿਚ ਬਾਂਝਪੁਣਾ ਸਿੱਧੇ ਜਾ ਅਸਿੱਧੇ ਪ੍ਰਦੂਸ਼ਿਤ ਵਾਤਾਵਰਨ ਨਾਲ ਜੁੜਿਆ ਹੋਇਆ ਮਸਲਾ ਹੈ । ਜੇ ਸੰਭਲ ਜਾਈਏ ਤਾਂ ਸ਼ਾਇਦ ਕੋਈ ਬਚਾਅ ਹੋ ਸਕੇ, ਨਹੀਂ ਤਾਂ ਅਗਨੀ ਦੇਵਤੇ ਦੀਆਂ ਲਾਲ ਜੀਭਾਂ ਨੇ ਸਾਨੂੰ ਜਿਉਂਦਿਆਂ ਹੀ ਭੁੰਨ ਸੁੱਟਣਾ ਹੈ ।

ਸਰਕਾਰਾਂ ਨੇ ਤਾਂ ਰਾਜ ਕਰਨਾ ਹੁੰਦਾ ਹੈ । ਉਨ੍ਹਾਂ ਕੋਲੋ ਬਹੁਤੀ ਆਸ ਨਾ ਹੀ ਰੱਖੀ ਜਾਵੇ ਤਾਂ ਬੇਹਤਰ ਹੈ । ਆਪਣੇ ਦਿਮਾਗ ਦੀਆਂ ਬੂਹੇ-ਬਾਰੀਆਂ ਖੋਲ੍ਹ ਕੇ ਸੋਚੀਏ ਕਿ ਅੱਜ ਤੋਂ ਪੰਜਾਹ ਸਾਲ ਪਹਿਲਾਂ ਵੀ ਤਾਂ ਕਣਕ ਦੇ ਵੱਢਾਂ ਵਿਚ ਅਸੀਂ ਕੁਝ ਨਾ ਕੁਝ ਬੀਜਦੇ ਹੀ ਸਾਂ । ਹੁਣ ਕੰਬਾਈਨਾਂ ਦੀ ਰਹਿੰਦ-ਖੂੰਹਦ ਨੂੰ ਤੂੜੀ ਬਣਾਉਣ ਤੇ ਬਾਕੀ ਰਹਿ ਗਏ ਨੂੰ ਸਮੇਟਨ ਲਈ ਜਮਾਂ-ਘਟਾਓ ਵਿਚ ਪੈਣ ਦੀ ਥਾਂ ਗਾਲਣ ਦੀਆਂ ਜੁਗਤਾਂ ਸੋਚੀਏ । ਮਾਂ ਧਰਤੀ ਨੂੰ, ਪਿਤਾ ਪਾਣੀ ਅਤੇ ਗੁਰੂ ਰੂਪੀ ਪੌਣ ਤੋਂ ਬਚਾਉਣ ਲਈ ਇਕਜੁਟ ਹੋਈਏ । ਆਲਮੀ ਤਪਸ਼ ਘਟਾਈਏ, ਠੰਢ ਵਰਤਾਈਏ, ਆਪ ਵੀ ਜਿਉਂਦੇ-ਜਾਗਦੇ ਰਹੀਏ ਤੇ ਸਰਬੱਤ ਦਾ ਭਲਾ ਮੰਗਦੇ ਹੋਏ ਕੀਟ-ਪਤੰਗਾਂ ਤੇ ਸਮੁੱਚੀ ਬਨਸਪਤੀ ਨੂੰ ਵੀ ਸਾਂਭੀਏ । ਸਿਹਤ, ਅਮੀਰੀ ਤੇ ਸੁੱਖ-ਸ਼ਾਂਤੀ ਤਾਂ ਸਹਿਜ 'ਚੋਂ ਹੀ ਲੱਭ ਸਕਦੇ ਹਨ, ਸਾੜ ਫੂਕ ਤੇ ਹਿੰਸਾ ਜਾਂ ਤਾਅਨੇ-ਮਿਹਣਿਆਂ, ਉਲਾਹਮਿਆਂ 'ਚੋਂ ਕਤਈ ਵੀ ਨਹੀਂ । ਬਾਬਾ ਨਾਨਕ ਤਾਂ ਸਦੀਆਂ ਪਹਿਲੋਂ ਫੁਰਮਾ ਗਏ ਨੇ -

'ਆਪਣ ਹੱਥੀਂ ਆਪਣਾ ਆਪੇ ਹੀ
ਕਾਜੁ ਸਵਾਰੀਐ ॥'

# ਚੰਗੀ ਸਿਹਤ ਲਈ ਸੰਤੁਲਿਤ ਭੋਜਨ ਦੀ ਵਰਤੋਂ ਕਰੋ

**ਸਿਹਤਮੰਦ ਸਰੀਰ ਲਈ ਬਹੁਤ ਸਾਰੇ ਪੌਸ਼ਟਿਕ ਤੱਤ ਮਹੱਤਵਪੂਰਨ ਹਨ, ਇਹਨਾਂ ਵਿੱਚੋਂ ਇੱਕ ਹੈ, 'ਵਿਟਾਮਿਨ ਡੀ' । ਵਿਟਾਮਿਨ ਡੀ ਸਰੀਰ ਵਿਚ ਕੈਲਸ਼ੀਅਮ ਅਤੇ ਫਾਸਫੇਟ ਦੇ ਸੋਖਣ ਵਿਚ ਮਦਦ ਕਰਦਾ ਹੈ । ਹੱਡੀਆਂ ਦੀ ਸਿਹਤ ਨੂੰ ਬਣਾਈ ਰੱਖਣ ਤੋਂ ਇਲਾਵਾ, ਵਿਟਾਮਿਨ ਡੀ ਦੇ ਕੁਝ ਵਾਧੂ ਸਰੀਰਕ ਲਾਭ ਵੀ ਹਨ ਜਿਵੇਂ ਕਿ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਧਾਉਣਾ, ਜੀਵਨ ਸ਼ੈਲੀ ਦੇ ਰੋਗ ਜਿਵੇਂ ਕਿ ਕੈਂਸਰ, ਸ਼ੂਗਰ ਅਤੇ ਦਿਲ ਨਾਲ ਸੰਬੰਧਿਤ ਰੋਗਾਂ ਤੋਂ ਬਚਾਉਣਾ ਆਦਿ ।**

### ਭੋਜਨ ਸੰਬੰਧਿਤ ਹਦਾਇਤਾਂ :

★ **ਵਿਟਾਮਿਨ ਡੀ ਦਾ ਸੇਵਨ** : ਮਾਸਾਹਾਰੀ ਆਪਣੀ ਖੁਰਾਕ ਵਿਚ ਤੇਲ ਵਾਲੀ ਮੱਛੀ, ਅੰਡੇ ਦੀ ਜਰਦੀ, ਮੱਛੀ ਦੇ ਜਿਗਰ ਦਾ ਤੇਲ ਅਤੇ ਕੋਡ ਮੱਛੀ ਦੇ ਜਿਗਰ ਦਾ ਤੇਲ ਆਦਿ ਸ਼ਾਮਿਲ ਕਰ ਸਕਦੇ ਹਨ ਜਦੋਂ ਕਿ ਸ਼ਾਕਾਹਾਰੀ



ਆਪਣੀ ਖੁਰਾਕ ਵਿਚ ਖੁੰਭ, ਵਿਟਾਮਿਨ ਡੀ ਨਾਲ ਫੋਰਟੀਫਾਈਡ ਅਨਾਜ ਅਤੇ ਦੁੱਧ ਸ਼ਾਮਿਲ ਕਰ ਸਕਦੇ ਹਨ ।

★ **ਕੈਲਸ਼ੀਅਮ ਦਾ ਸੇਵਨ** : ਵਿਟਾਮਿਨ ਡੀ ਦੇ ਪੱਧਰ ਨੂੰ ਵਧਾਉਣ ਲਈ ਕੈਲਸ਼ੀਅਮ ਦਾ ਸੇਵਨ ਵਧੇਰੇ ਹੋਣਾ ਚਾਹੀਦਾ ਹੈ ਕਿਉਂਕਿ ਕੈਲਸ਼ੀਅਮ ਵਿਟਾਮਿਨ ਡੀ ਨੂੰ ਸੋਖਣ ਵਿਚ ਮਦਦ ਕਰਦਾ ਹੈ । ਇਸ ਲਈ, ਕੈਲਸ਼ੀਅਮ ਨਾਲ ਭਰਪੂਰ ਸਰੋਤ ਜਿਵੇਂ ਕਿ ਦੁੱਧ, ਦਹੀਂ, ਮੱਖਣ, ਪਨੀਰ, ਬਾਜਰਾ, ਬਦਾਮ ਆਦਿ ਰੋਜ਼ਾਨਾ ਖੁਰਾਕ ਵਿਚ ਸ਼ਾਮਲ ਕਰਨੇ ਚਾਹੀਦੇ ਹਨ ।

★ **ਹੱਡੀਆਂ ਦੀ ਖਣਿਜ ਘਣਤਾ ਵਿਚ ਸੁਧਾਰ ਕਰੋ** : ਕੈਲਸ਼ੀਅਮ ਦਾ ਸੇਵਨ ਹੱਡੀਆਂ ਦੇ ਖਣਿਜ ਘਣਤਾ ਵਿਚ ਸੁਧਾਰ ਕਰਦਾ ਹੈ ਜੋ ਵਿਅਕਤੀ ਦੇ ਵਿਟਾਮਿਨ ਡੀ ਦੀ ਸਥਿਤੀ ਨੂੰ ਬਰਕਰਾਰ ਰੱਖਣ ਵਿਚ ਸਹਾਇਕ ਹੁੰਦਾ ਹੈ ।

★ **ਫਾਸਫੋਰਸ, ਮੈਗਨੀਸ਼ੀਅਮ ਅਤੇ ਮੈਂਗਨੀਜ਼ ਦੀ ਵਧੇਰੇ ਮਾਤਰਾ** : ਫਾਸਫੋਰਸ, ਮੈਗਨੀਸ਼ੀਅਮ ਅਤੇ ਮੈਂਗਨੀਜ਼ ਸਰੀਰ ਵਿਚ ਵਿਟਾਮਿਨ ਡੀ ਦੇ ਸੰਸਲੇਸ਼ਣ ਨੂੰ ਵਧਾਉਂਦੇ ਹਨ । ਇਸ ਲਈ ਰੋਜ਼ਾਨਾ ਖੁਰਾਕ ਵਿਚ ਕਈ ਤਰ੍ਹਾਂ ਦੇ ਬੀਜ, ਸਾਬਤ ਅਨਾਜ, ਫਲੀਦਾਰ, ਹਰੀਆਂ ਪੱਤੇਦਾਰ ਸਬਜ਼ੀਆਂ, ਸੋਇਆਬੀਨ ਅਤੇ ਸਮੁੰਦਰੀ ਭੋਜਨ ਸ਼ਾਮਲ ਕਰਨੇ ਚਾਹੀਦੇ ਹਨ ।

★ **ਵਿਟਾਮਿਨ ਡੀ ਪੂਰਕ** : ਵਿਟਾਮਿਨ ਡੀ ਦੀ ਕਮੀ ਹੋਣ ਤੇ ਇਸ ਦੇ ਪੂਰਕ ਡਾਕਟਰ ਦੁਆਰਾ ਨਿਰਦੇਸ਼ਿਤ ਹਦਾਇਤਾਂ ਅਨੁਸਾਰ ਲੈਣੇ ਚਾਹੀਦੇ ਹਨ ।

### ਪੋਸ਼ਣ ਵਿਰੋਧੀ ਕਾਰਕਾਂ ਨੂੰ ਘਟਾਉਣਾ

ਭੋਜਨ ਵਿਚ ਮੌਜੂਦ ਕੁਝ ਪੋਸ਼ਣ ਵਿਰੋਧੀ ਕਾਰਕ ਹੁੰਦੇ ਹਨ ਜੋ ਵਿਟਾਮਿਨ ਡੀ ਦੇ ਸੋਖਣ ਨੂੰ ਘਟਾ ਸਕਦੇ ਹਨ ਅਤੇ ਇਹਨਾਂ ਨੂੰ ਹੇਠਾਂ ਦਿੱਤੇ ਤਰੀਕਿਆਂ ਨਾਲ ਘਟਾਇਆ ਜਾ ਸਕਦਾ ਹੈ :

★ ਰੋਟੀ ਬਣਾਉਣ ਤੋਂ ਪਹਿਲਾਂ ਆਟੇ ਨੂੰ ਚੰਗੀ ਤਰ੍ਹਾਂ ਛਾਣ ਲਓ ।

★ ਦਾਲਾਂ ਨੂੰ ਭਿਓਂ ਕੇ ਬਨਾਓ ਅਤੇ ਪਕਾਉਣ ਦੌਰਾਨ ਚੰਗੀ ਤਰ੍ਹਾਂ ਉਬਾਲੋ ।

★ ਰੋਜ਼ਾਨਾ ਖੁਰਾਕ ਵਿਚ ਪੁੰਗਰੀਆਂ ਦਾਲਾਂ ਦੀ ਵਰਤੋਂ ਕਰੋ ।

★ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਉਬਾਲ ਕੇ ਪਕਾਓ ।

### ਜੀਵਨ ਸ਼ੈਲੀ ਨਾਲ ਸੰਬੰਧਿਤ ਹਦਾਇਤਾਂ :

★ **ਮੋਟਾਪਾ** : ਭਾਰ ਨੂੰ ਕਾਬੂ ਕਰਨਾ ਮਹੱਤਵਪੂਰਨ ਹੈ ਕਿਉਂਕਿ ਖੋਜ ਅਧਿਐਨਾਂ ਨੇ ਸਾਬਿਤ ਕੀਤਾ ਹੈ ਕਿ ਮੋਟੇ ਲੋਕਾਂ ਵਿਚ ਵਿਟਾਮਿਨ ਡੀ ਦਾ ਪੱਧਰ ਘੱਟ ਹੁੰਦਾ ਹੈ । ਇਸ ਲਈ ਭਾਰ ਸਿਹਤਮੰਦ ਸੀਮਾ ਵਿਚ ਹੋਣਾ ਚਾਹੀਦਾ ਹੈ ।

★ **ਢੁੱਕਵੀਂ ਧੁੱਪ ਦਾ ਸੰਪਰਕ** : ਵਿਟਾਮਿਨ ਡੀ ਦੀ ਸਥਿਤੀ ਨੂੰ ਸੁਧਾਰਨ ਦਾ ਸਭ ਤੋਂ ਆਸਾਨ ਤਰੀਕਾ ਹੈ, ਢੁੱਕਵੀਂ ਧੁੱਪ ਦਾ ਸੰਪਰਕ । ਆਈ. ਸੀ. ਐੱਮ. ਆਰ. (ICMR), ਨਵੀਂ ਦਿੱਲੀ ਦੇ ਨਿਰਦੇਸ਼ਾਂ ਅਨੁਸਾਰ ਵੱਧ ਤੋਂ ਵੱਧ ਵਿਟਾਮਿਨ ਡੀ ਸਵੇਰੇ 11 ਵਜੇ ਤੋਂ 3 ਵਜੇ ਵਾਲੀ ਧੁੱਪ ਦੇ ਸੰਪਰਕ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ ।

★ **ਸਰੀਰਕ ਗਤੀਵਿਧੀ** : ਸਰੀਰਕ ਗਤੀਵਿਧੀ ਦੀ ਉੱਚਾ ਪੱਧਰ ਵਿਟਾਮਿਨ ਡੀ ਦੇ ਲੈਵਲ ਨੂੰ ਵਧਾਉਣ ਲਈ ਸਹਾਈ ਹੁੰਦਾ ਹੈ । ਇਸ ਲਈ, ਹਰ ਹਫਤੇ 150 ਮਿੰਟ ਦੀ ਸਰੀਰਕ ਗਤੀਵਿਧੀ ਜਿਵੇਂ ਕਿ ਸੈਰ, ਯੋਗਾ, ਜਾਂ ਕੋਈ ਹੋਰ ਕਸਰਤ ਜ਼ਰੂਰ ਕਰਨੀ ਚਾਹੀਦੀ ਹੈ ।

**- ਨੀਰਜਾ ਸਿੰਗਲਾ, ਸਵਾਤੀ ਕੌਸ਼ਲ ਅਤੇ ਚਾਰਵੀ ਮਹਾਜਨ,
ਜੀਵ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ.93573-25446)**

# ਪੰਜਾਬ ਦੀ ਕਰਜ਼ਾ ਮੁਕਤੀ
## ਕੁਝ ਨੁਕਤੇ, ਕੁਝ ਸਵਾਲ

ਪੰਜਾਬ ਦੇ ਅਰਥਚਾਰੇ ਬਾਰੇ ਹਰ ਪੰਜਾਬੀ ਫਿਕਰਮੰਦ ਹੈ। ਹਰ ਸਰਕਾਰ ਵੀ ਇਸ ਨੂੰ ਠੀਕ ਕਰਨ ਲਈ ਵਾਹ ਲਾਉਂਦੀ ਹੈ ਪਰ ਕੋਈ ਸਥਾਈ ਹੱਲ ਨਿਕਲਦਾ ਨਜ਼ਰ ਨਹੀਂ ਆਉਂਦਾ। ਹਰ ਸਾਲ ਬਜਟ ਵੇਲੇ ਜਾਂ ਫਿਰ ਚੋਣਾਂ ਨੇੜੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਯਾਦ ਆ ਜਾਂਦੀ ਹੈ ਅਤੇ ਸਰਕਾਰ ਬਣਨ ਸਾਰ ਇਹ ਚਰਚਾ ਗਾਇਬ ਹੋ ਜਾਂਦੀ ਹੈ। ਇਸ ਪ੍ਰਸੰਗ ਵਿਚ ਪੰਜਾਬ ਦੀਆਂ ਸਰਕਾਰਾਂ ਦੀ ਨੀਯਤ ਭਾਵੇਂ ਠੀਕ ਹੋਵੇ ਪਰ ਕਿਤੇ ਨਾ ਕਿਤੇ ਨੀਤੀ ਸਾਥ ਦਿੰਦੀ ਨਜ਼ਰ ਨਹੀਂ ਆਉਂਦੀ। ਪੰਜਾਬੀਆਂ ਨੇ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਤੋਂ ਨਿਰਾਸ਼ ਹੋ ਕੇ ਇਸ ਵਾਰ ਬਦਲਾਅ ਲਿਆਂਦਾ ਅਤੇ ਨਵੀਂ ਪਾਰਟੀ ਨੂੰ ਮੌਕਾ ਦਿੱਤਾ ਪਰ ਉਮੀਦ ਤੇ ਉਲਟ, ਇਹ ਸਰਕਾਰ ਵੀ ਉਸੇ ਰਾਹ ਤੇ ਪੈ ਗਈ। ਹੁਣ ਸਵਾਲ ਹੈ : ਕੀ ਪੰਜਾਬ ਕਰਜ਼ਾ ਮੁਕਤ ਹੋ ਸਕੇਗਾ ?

ਕਈ ਦਹਾਕਿਆਂ ਤੋਂ ਸੁਣ ਰਹੇ ਹਾਂ ਕਿ ਪੰਜਾਬ ਸਿਰ ਕਰਜ਼ਾ ਵੱਧ ਰਿਹਾ ਹੈ। 2022 ਤੱਕ ਪੁੱਜਦਿਆਂ ਲੋਕਾਂ ਨੇ ਹਾਲਤ ਸੁਧਰਨ ਦੀ ਉਮੀਦ ਹੀ ਛੱਡ ਦਿੱਤੀ ਸੀ। ਫਿਰ ਇਕ ਨਵੀਂ ਪਾਰਟੀ ਨੇ ਕੁਝ ਅਜਿਹੇ ਅੰਕੜੇ ਪੇਸ਼ ਕੀਤੇ ਕਿ ਲੋਕਾਂ ਨੂੰ ਲੱਗਿਆ, ਇਹ ਮਸਲਾ ਹੱਲ ਹੋ ਸਕਦਾ ਹੈ। ਇਸ ਪਾਰਟੀ ਨੇ ਕੁਝ ਅੰਕੜੇ ਦਸੰਬਰ-ਜਨਵਰੀ 2021-2022 ਵਿਚ ਸਾਂਝੇ ਕੀਤੇ ਕਿ ਕਿੱਥੇ-ਕਿੱਥੇ ਸੂਬੇ ਦੀ ਆਮਦਨ ਵਧਾਈ ਜਾ ਸਕਦੀ ਹੈ। ਜਿਸ ਨਾਲ ਬਿਨ੍ਹਾਂ ਹੋਰ ਕਰਜ਼ ਲਏ ਕਰਜ਼ਾ ਮੋੜਿਆ ਜਾ ਸਕਦਾ ਹੈ। ਇਸ ਵਿਚ ਦੋ ਮੁੱਖ ਗੱਲਾਂ ਸਨ ਆਬਕਾਰੀ ਨੀਤੀ ਵਿਚ ਤਬਦੀਲੀ ਅਤੇ ਰੇਤੇ ਦੀ ਚੋਰੀ ਰੋਕਣਾ। ਆਬਕਾਰੀ ਅਤੇ ਰੇਤੇ ਦੀ ਨੀਤੀ ਬਾਰੇ ਕਾਂਗਰਸ ਸਰਕਾਰ ਦੇ ਮੰਤਰੀ ਨੇ ਵੀ ਕੁਝ ਸੁਝਾਅ ਦਿੱਤੇ ਸਨ ਪਰ ਉਹ ਉਸ ਵੇਲੇ ਦੀ ਸਰਕਾਰ ਨੇ ਮੰਨੇ ਨਹੀਂ। 2022-23 ਦੌਰਾਨ ਆਬਕਾਰੀ ਤੋਂ ਆਮਦਨ ਤਾਂ ਵਧੀ ਪਰ ਕਰਜ਼ਾ ਘਟਾਉਣ ਵਿਚ ਇਸ ਦਾ ਯੋਗਦਾਨ ਨਜ਼ਰ ਨਹੀਂ ਆਇਆ। ਇਸ ਵਿੱਤੀ ਸਾਲ ਵਿਚ ਸਰਕਾਰ ਨੇ 30953 ਕਰੋੜ ਕਰਜ਼ਾ ਹੋਰ ਲੈ ਲਿਆ ਹੈ।

ਇਸ ਵਾਰ ਦੇ ਬਜਟ ਅੰਕੜਿਆਂ ਮੁਤਾਬਕ ਵਿੱਤੀ ਸਾਲ 2025-2026 ਦੇ ਅੰਤ ਤੱਕ ਕਰਜ਼ਾ 4.17 ਲੱਖ ਕਰੋੜ ਰੁਪਏ ਤੱਕ ਪਹੁੰਚ ਜਾਏਗਾ; ਭਾਵ, ਹਰ ਪੰਜਾਬੀ ਸਿਰ 1.35 ਲੱਖ ਰੁਪਏ ਪ੍ਰਤੀ ਜੀਅ ਸਰਕਾਰੀ ਕਰਜ਼ਾ ਹੋਵੇਗਾ। ਜੇ ਪਿਛਲੀ ਦੋ ਸਰਕਾਰਾਂ ਅਤੇ ਹੁਣ ਤੱਕ ਦੇ ਅੰਕੜਿਆਂ ਦੀ ਸਮੀਖਿਆ ਕਰੀਏ ਤਾਂ ਇਹ ਤਸਵੀਰ ਬਣਦੀ ਹੈ : ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਦੌਰਾਨ ਕਰਜ਼ਾ 50 ਹਜ਼ਾਰ ਕਰੋੜ ਤੋਂ ਵੱਧ ਕੇ 1.70 ਲੱਖ ਕਰੋੜ ਹੋ ਗਿਆ ; ਭਾਵ 1.23 ਲੱਖ ਕਰੋੜ ਰੁਪਏ ਕਰਜ਼ਾ ਹੋਰ ਲੈ ਲਿਆ। ਅਗਲੇ 5 ਸਾਲ ਕਾਂਗਰਸ ਦਾ ਰਾਜ ਰਿਹਾ ਅਤੇ ਕਰਜ਼ਾ 2.82 ਲੱਖ ਕਰੋੜ ਰੁਪਏ 'ਤੇ ਜਾ ਪੁੱਜਾ। ਇਸ ਸਮੇਂ ਦਾ ਵਾਧਾ ਤਕਰੀਬਨ 1.08 ਲੱਖ ਕਰੋੜ ਬਣਦਾ ਹੈ। 2022 ਵਿਚ ਨਵੀਂ ਬਣੀ 'ਆਪ' ਸਰਕਾਰ ਨੇ 3 ਸਾਲਾਂ ਵਿਚ 1 ਲੱਖ ਕਰੋੜ ਰੁਪਏ ਕਰਜ਼ਾ ਲਿਆ। ਇਉਂ ਅਕਾਲੀ ਭਾਜਪਾ ਸਰਕਾਰ ਨੇ ਹਰ ਸਾਲ 12300 ਕਰੋੜ ਰੁਪਏ, ਕਾਂਗਰਸ ਸਰਕਾਰ ਨੇ 21600 ਕਰੋੜ ਰੁਪਏ ਅਤੇ ਆਪ ਸਰਕਾਰ ਨੇ ਹਰ ਸਾਲ 3333 ਕਰੋੜ ਰੁਪਏ ਕਰਜ਼ਾ ਲਿਆ। ਜ਼ਾਹਿਰ ਹੈ ਕਿ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਕਰਜ਼ਾ ਵਧਦਾ ਗਿਆ।

'ਆਪ' ਸਰਕਾਰ ਨੇ ਤਿੰਨ ਸਾਲਾਂ (2022-25) ਵਿਚ 46200 ਕਰੋੜ ਕਰਜ਼ੇ ਦੀ ਮੂਲ ਰਾਸ਼ੀ ਅਤੇ 59000 ਕਰੋੜ ਦਾ ਵਿਆਜ ਮੋੜਿਆ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਇਹ ਕਿਸ਼ਤ ਤਾਂ ਪਹਿਲੀਆਂ ਸਰਕਾਰਾਂ ਵੀ ਮੋੜਦੀਆਂ ਰਹੀਆਂ ਹਨ ਪਰ ਹਰ ਸਰਕਾਰ ਪਹਿਲੀ ਕਿਸ਼ਤ ਮੋੜਨ ਲਈ ਨਵਾਂ ਕਰਜ਼ਾ ਲੈਂਦੀ ਹੈ। ਇਸ ਕਰਕੇ ਕੁੱਲ ਕਰਜ਼ਾ ਵਧੀ ਜਾਂਦਾ ਹੈ। ਸਾਲ 2022 ਤੋਂ 2025 ਆ ਗਿਆ, ਮੰਡੀ ਬੋਰਡ ਜੋ ਕਦੇ ਪੈਸੇ ਪੱਖੋਂ ਅਮੀਰ ਅਦਾਰਾ ਮੰਨਿਆ ਜਾਂਦਾ ਸੀ, ਦੀ ਕਿਸ਼ਤ ਵੀ ਕਈ ਵਾਰ ਸਮੇਂ ਸਿਰ ਨਹੀਂ ਮੋੜੀ ਗਈ। ਇਸ ਦਾ ਕਾਰਨ ਸਰਕਾਰ ਨੇ ਬੱਜਟ ਦੌਰਾਨ ਦੱਸਿਆ ਕਿ ਉਨ੍ਹਾਂ ਦਾ ਜੀ ਐੱਸ ਟੀ ਦਾ ਪੈਸਾ ਅਤੇ ਆਰ ਡੀ ਐੱਫ (ਦਿਹਾਤੀ ਵਿਕਾਸ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-90000

ਫੰਡ) ਕੇਂਦਰ ਸਰਕਾਰ ਸਮੇਂ ਸਿਰ ਨਹੀਂ ਦੇ ਰਹੀ। ਇਸ ਵੇਲੇ ਸਰਕਾਰ ਨੇ ਜੀ ਐੱਸ ਟੀ ਦੀ ਉਗਰਾਹੀ ਵਧਾਉਣ ਨੂੰ ਤਰਜੀਹ ਦਿੱਤੀ ਹੈ।

ਕਰਜ਼ੇ ਦੀ ਸਮੱਸਿਆ ਦੇ ਹੱਲ ਲਈ ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਆਪਣੀਆਂ ਨੀਤੀਆਂ ਵਿਚ ਤਬਦੀਲੀ ਕਰਨ ਦੀ ਲੋੜ ਹੈ। ਇਸ ਲਈ ਦ੍ਰਿੜ ਇਰਾਦੇ ਦੀ ਲੋੜ ਹੈ ਕਿਉਂਕਿ ਲੋਕ ਲੁਭਾਊ ਸਿਆਸਤ ਵਿਕਾਸ ਉੱਤੇ ਭਾਰੂ ਪੈ ਗਈ ਹੈ; ਹੁਣ ਰਾਜ ਹਥਿਆਉਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ।

ਮੁਫ਼ਤਖੋਰੀ ਅੱਜ ਸਭ ਤੋਂ ਵੱਡੀ ਸਮੱਸਿਆ ਹੈ। ਇਹ ਮੁਫ਼ਤਖੋਰੀ ਹਰ ਨਵੀਂ ਸਰਕਾਰ ਆਉਣ ਨਾਲ ਵੱਧ ਰਹੀ ਹੈ। ਇਸ ਵੇਲੇ ਬਿਜਲੀ ਦੀ ਸਬਸਿਡੀ ਹੀ ਤਕਰੀਬਨ 20500 ਕਰੋੜ ਰੁਪਏ ਬਣਨ ਦਾ ਅਨੁਮਾਨ ਹੈ ਅਤੇ 5273 ਕਰੋੜ ਰੁਪਏ ਪਿਛਲੇ ਸਾਲ ਦਾ ਹੈ। ਇਸ ਵਿਚੋਂ 10000 ਕਰੋੜ ਖੇਤੀ ਖੇਤਰ, 7614 ਕਰੋੜ ਘਰੇਲੂ ਅਤੇ 2893 ਕਰੋੜ ਉਦਯੋਗਿਕ ਖੇਤਰ ਨੂੰ ਮਿਲਦੀ ਹੈ। ਕਿਸਾਨਾਂ ਦੇ ਮਗਰ ਤਾਂ ਸਾਰੇ ਪੈ ਰਹੇ ਸੀ ਕਿ ਬਿਜਲੀ ਮੁਫਤ ਕਰਕੇ ਇਹ ਪਾਣੀ ਦੀ ਖਪਤ ਜ਼ਿਆਦਾ ਕਰਦੇ ਹਨ ਪਰ ਕਿਸਾਨਾਂ ਨੂੰ ਸਿਰਫ ਝੋਨੇ ਦੇ ਸੀਜ਼ਨ ਵਿਚ (107 ਦਿਨ) ਹੀ 8 ਘੰਟੇ ਬਿਜਲੀ ਮਿਲਦੀ ਹੈ; ਬਾਕੀ ਸਮਾਂ ਸਿਰਫ 4 ਘੰਟੇ ਬਿਜਲੀ ਮਿਲਦੀ ਹੈ। ਇਹ ਵੀ ਕਾਰਪੋਰੇਸ਼ਨ ਤੈਅ ਕਰਦੀ ਹੈ ਕਿ ਬਿਜਲੀ ਦਿਨੇ ਦੇਣੀ ਹੈ ਜਾਂ ਰਾਤ ਨੂੰ। ਇਸ ਦੇ ਉਲਟ ਘਰੇਲੂ ਖੇਤਰ ਵਿਚ 300 ਯੂਨਿਟ ਮਹੀਨੇ ਤੋਂ ਘੱਟ ਬਾਲਣ ਵਾਲਿਆਂ ਨੂੰ ਬਿਜਲੀ ਦਾ ਬਿੱਲ ਮੁਆਫ ਹੈ। ਇਸ ਵਿਚ ਤਕਰੀਬਨ 90 ਫੀਸਦੀ ਘਰ ਆ ਜਾਂਦੇ ਹਨ। ਇਸ ਨਾਲ ਬਿਜਲੀ ਦੀ ਮੰਗ ਵਧੀ ਹੈ ਜੋ ਅਗਾਂਹ ਹੋਰ ਵਧੇਗੀ।

ਇਸੇ ਤਰ੍ਹਾਂ ਅਨਾਜ ਦੀ ਮੁਫਤ ਸਹੂਲਤ ਹੈ। ਇਹ ਵੀ ਕੰਮ ਬਦਲੇ ਅਨਾਜ ਜਾਂ ਕਹਿ ਲਓ, ਇਹ ਸਾਰਾ ਪੈਸਾ ਇਕੱਠਾ ਕਰ ਕੇ ਰੁਜ਼ਗਾਰ ਦੇਣਾ ਚਾਹੀਦਾ ਹੈ।

ਸਰਕਾਰ ਸਨਅਤ ਲਗਾਵੇ ਜਿਸ ਲਈ ਕਰਜ਼ਾ ਕੌਮਾਂਤਰੀ ਏਜੰਸੀਆਂ ਤੋਂ ਲਿਆ ਜਾਵੇ। ਮੁਫਤ ਦਾ ਰਾਸ਼ਨ ਤਾਂ ਨਸ਼ੇ ਅਤੇ ਜੁਰਮ ਦੀ ਦੁਨੀਆ ਸਿਰਜਦਾ ਹੈ। ਪ੍ਰਾਈਵੇਟ ਨਿਵੇਸ਼ ਵਿਚ ਸਬਸਿਡੀ ਦੇਣ ਵੇਲੇ ਦੇਖਿਆ ਜਾਵੇ ਕਿ ਕਿਹੜੀ ਕੰਪਨੀ ਕਿੰਨਾ ਨਿਵੇਸ਼ ਕਰਦੀ ਹੈ ਅਤੇ ਕਿੰਨੀਆਂ ਨੌਕਰੀਆਂ ਪੈਦਾ ਹੋਣਗੀਆਂ। ਜਿਵੇਂ ਪੰਜਾਬ ਵਿਚ ਟਾਟਾ ਨੇ 2500 ਕਰੋੜ ਲਾ ਕੇ 2600 ਨੌਕਰੀਆਂ ਦੇਣੀਆਂ ਹਨ; ਇਕ ਹੋਰ ਕੰਪਨੀ ਨੇ 1600 ਕਰੋੜ ਲਾ ਕੇ 3800 ਨੌਕਰੀਆਂ ਦੇਣੀਆਂ ਹਨ। ਦੋਹਾਂ ਕੰਪਨੀਆਂ ਨੂੰ ਸਰਕਾਰੀ ਸਹੂਲਤਾਂ ਵਿਚ ਫਰਕ ਹੋਣਾ ਚਾਹੀਦਾ ਹੈ। ਇਸ ਵੇਲੇ ਪੁਰਾਣੀਆਂ ਦਿੱਤੀ ਸਾਰੀਆਂ ਮੁਫਤ ਸਹੂਲਤ ਨੂੰ ਆਮਦਨ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਸਿਰਫ ਜ਼ਰੂਰਤਮੰਦਾਂ ਨੂੰ ਲਾਭ ਮਿਲ ਸਕੇ। ਇਸ ਵੇਲੇ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਲੋਕਾਂ ਨੂੰ ਰੁਜ਼ਗਾਰ ਦਿਵਾਇਆ ਜਾਵੇ ਤਾਂ ਕਿ ਇਨ੍ਹਾਂ ਦਾ ਜਿਉਣ ਪੱਧਰ ਉੱਪਰ ਚੁੱਕਿਆ ਜਾਵੇ ਅਤੇ ਹੌਲੀ-ਹੌਲੀ ਮੁਫਤ ਸਹੂਲਤਾਂ ਬੰਦ ਕੀਤੀਆਂ ਜਾਣ। ਨਵੀਆਂ ਮੁਫਤ ਸਹੂਲਤਾਂ ਬਿਲਕੁਲ ਨਾ ਸਹੇੜੀਆਂ ਜਾਣ।

ਖੇਤੀ ਨੂੰ ਨਵੀਂ ਦਿਸ਼ਾ ਦੇ ਕੇ ਲਾਹੇਵੰਦ ਬਣਾਇਆ ਜਾਵੇ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਭਾਵੇਂ ਕਈ ਅਰਥ ਸ਼ਾਸਤਰੀ ਕਹਿੰਦੇ ਹਨ ਕਿ ਹੁਣ ਪੰਜਾਬ ਖੇਤੀ ਪ੍ਰਧਾਨ ਨਹੀਂ ਰਿਹਾ ਕਿਉਂਕਿ ਖੇਤੀ ਦਾ ਜੀ ਡੀ ਪੀ ਵਿਚ ਹਿੱਸਾ 25 ਫੀਸਦੀ ਅਤੇ ਸਰਵਿਸ ਖੇਤਰ ਦਾ ਹਿੱਸਾ 54 ਫੀਸਦੀ ਹੈ। ਉਂਝ, ਖੇਤੀ ਤੇ ਉਦਯੋਗ ਪੈਸਾ ਬਣਾਉਂਦੇ ਹਨ; ਸਰਵਿਸ ਖੇਤਰ ਵਿਚ ਪੈਸਾ ਸਿਰਫ ਹੱਥ ਬਦਲਦਾ ਹੈ। ਇਸ ਵੇਲੇ ਗੱਲ ਗੌਰ ਕਰਨ ਵਾਲੀ ਹੈ ਕਿ ਬਹੁਤ ਛੋਟੇ ਸ਼ਹਿਰਾਂ ਵਿਚ ਸਰਵਿਸ ਖੇਤਰ ਖੇਤੀ ਦੇ ਸਿਰ 'ਤੇ ਹੀ ਚੱਲਦਾ ਹੈ। ਲੁਧਿਆਣੇ ਵਰਗੇ ਸ਼ਹਿਰਾਂ ਵਿਚ ਇਹ ਉਦਯੋਗ ਕਰ ਕੇ ਚੱਲਦੇ ਹਨ। ਜਦੋਂ ਇਨ੍ਹਾਂ ਖੇਤਰਾਂ ਵਿਚੋਂ ਪੈਸਾ ਆਉਂਦਾ ਹੈ ਤਾਂ ਬਾਕੀ ਸਭ ਚੱਲਦਾ ਹੈ।

ਕਰਜ਼ਾ ਮੁਕਤ ਹੋਣ ਲਈ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਲੋਕਾਂ ਨੂੰ ਰੁਜ਼ਗਾਰ ਮਿਲੇਗਾ ਤਾਂ ਵਸਤਾਂ ਦੀ ਖਪਤ ਵਧਣ ਨਾਲ ਟੈਕਸ ਦੇ ਰੂਪ ਵਿਚ ਸਰਕਾਰ ਦੀ ਆਮਦਨ ਵਧੇਗੀ। ਇਸ ਵੇਲੇ ਲੋੜ ਹੈ, ਪੇਂਡੂ ਖੇਤਰ ਵਿਚ ਕਿਸਾਨਾਂ ਦੇ ਬੱਚਿਆਂ ਲਈ ਸਵੈ-ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾਣ। ਇਹ ਕੰਮ ਛੋਟੇ ਤੇ ਦਰਮਿਆਨੇ ਉਦਯੋਗ ਦੇ ਤੌਰ 'ਤੇ ਕਲਸਟਰ ਦੇ ਰੂਪ ਵਿਚ ਪਿੰਡ ਵਿਚ ਹੀ ਖੁੱਲਵਾਇਆ ਜਾਵੇ। ਇਸ ਵਿਚ ਖ਼ੁਰਾਕ ਅਤੇ ਉਦਯੋਗ ਵਿਭਾਗ ਤਕਨੀਕੀ ਮਦਦ ਕਰੇ।

ਪੰਜਾਬ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਪੈਣਾ ਹੈ; ਕਿਸੇ ਨੇ (ਬਾਹਰੋਂ ਜਾਂ ਕੇਂਦਰ) ਕੋਈ ਮਦਦ ਨਹੀਂ ਕਰਨੀ ਪਰ ਜੇ ਪਹਿਲੀਆਂ ਸਰਕਾਰ ਵਾਂਗ 5-5 ਸਾਲ ਹੀ ਟਪਾਉਣੇ ਹਨ ਤਾਂ ਸੂਬਾ ਹੇਠਾਂ ਹੀ ਜਾਵੇਗਾ, ਉੱਪਰ ਨਹੀਂ ਉੱਠ ਸਕਦਾ।

# ਪੰਜਾਬ ਦੇ ਆਲੂਆਂ ਦੀ ਵਿਸ਼ਵ-ਵਿਆਪੀ ਮੰਗ ਹੋਣ ਦੇ ਬਾਵਜੂਦ ਆਲੂ ਉਤਪਾਦਕ ਆਰਥਿਕ ਸੰਕਟ ਵਿੱਚ

ਅੰਤਰਰਾਸ਼ਟਰੀ ਆਲੂ ਦਿਵਸ ਮੌਕੇ ਪੰਜਾਬ ਦੇ ਆਲੂ ਉਤਪਾਦਨ ਅਤੇ ਇਸ ਨਾਲ ਜੁੜੀਆਂ ਚੁਣੌਤੀਆਂ ਤੇ ਸੰਭਾਵਨਾਵਾਂ 'ਤੇ ਨਵੀਂ ਚਰਚਾ ਛਿੜ ਗਈ ਹੈ। ਦੇਸ਼ ਦੇ ਆਲੂ ਉਤਪਾਦਨ ਵਿੱਚ ਪੰਜਾਬ ਦੀ ਅਹਿਮ ਭੂਮਿਕਾ ਹੈ, ਕਿਉਂਕਿ ਇਸ ਰਾਜ ਵਿੱਚ ਨਾ ਸਿਰਫ ਬਹੁਤ ਹੀ ਉੱਤਮ ਕੁਆਲਿਟੀ ਦਾ ਬੀਜ ਪੈਦਾ ਕੀਤਾ ਜਾਂਦਾ ਹੈ, ਸਗੋਂ ਪ੍ਰੋਸੈਸਿੰਗ ਉਦਯੋਗ ਲਈ ਸ਼ੱਕਰ-ਮੁਕਤ ਆਲੂ ਦੀਆਂ ਅੰਤਰਰਾਸ਼ਟਰੀ ਪੱਧਰ 'ਤੇ ਪਸੰਦ ਕੀਤੀਆਂ ਜਾਣ ਵਾਲੀਆਂ ਕਿਸਮਾਂ ਦੀ ਪੈਦਾਵਾਰ ਵਿੱਚ ਹਰ ਸਾਲ ਵਾਧਾ ਹੋ ਰਿਹਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਪੰਜਾਬ ਵਿੱਚ 118 ਹਜ਼ਾਰ ਹੈਕਟੇਅਰ ਤੋਂ ਵੱਧ ਰਕਬੇ ਵਿੱਚ ਆਲੂ ਦੀ ਕਾਸ਼ਤ ਕੀਤੀ ਜਾਂਦੀ ਹੈ। ਸਾਲ 2024 ਵਿੱਚ ਪੰਜਾਬ ਵਿੱਚ 32.38 ਲੱਖ ਟਨ ਆਲੂ ਪੈਦਾ ਹੋਇਆ, ਜਿਸ ਦਾ ਵੱਡਾ ਹਿੱਸਾ ਬੀਜ ਅਤੇ ਪ੍ਰੋਸੈਸਿੰਗ ਸਨਅਤ ਲਈ ਵਰਤਿਆ ਗਿਆ। ਆਲੂ ਦਿਵਸ ਮੌਕੇ ਕੇਂਦਰੀ ਆਲੂ ਖੋਜ ਸੰਸਥਾ ਤੋਂ ਪ੍ਰਿੰਸੀਪਲ ਸਾਇੰਟਿਸਟ ਦੇ ਅਹੁੱਦੇ 'ਤੇ ਸੇਵਾ ਮੁਕਤ ਹੋਏ ਡਾ. ਜੇ. ਐਸ. ਮਿਨਹਾਸ ਜਿਨ੍ਹਾਂ ਨੇ ਵਧੇਰੇ ਤਾਪਮਾਨ ਸਹਿਣ ਦੀ ਸਮਰੱਥਾ ਰੱਖਣ ਵਾਲੀਆਂ ਆਲੂ ਦੀਆਂ ਕਈ ਕਿਸਮਾਂ ਵਿਕਸਿਤ ਕੀਤੀਆਂ, ਨੇ ਪੰਜਾਬੀ ਕਿਸਾਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਦਸੰਬਰ 2023 ਵਿੱਚ ਸੰਯੁਕਤ ਰਾਸ਼ਟਰ ਦੀ ਮਹਾਂਸਭਾ ਨੇ 30 ਮਈ ਨੂੰ

## ਸੂਬੇ ਦਾ ਪੌਣ-ਪਾਣੀ ਆਲੂ ਦਾ ਮਿਆਰੀ ਬੀਜ ਪੈਦਾ ਕਰਨ ਲਈ ਬੇਹੱਦ ਅਨੁਕੂਲ : ਡਾ. ਮਿਨਹਾਸ

ਅੰਤਰਰਾਸ਼ਟਰੀ ਆਲੂ ਦਿਵਸ ਮਨਾਉਣ ਦਾ ਜੋ ਫੈਸਲਾ ਕੀਤਾ, ਉਸ ਵਿੱਚ ਕੁੱਲ ਖਲਕਤ ਦੀਆਂ ਖੁਰਾਕੀ ਲੋੜਾਂ ਦੀ ਪੂਰਤੀ ਕਰਨ ਦਾ ਅਤਿਅੰਤ ਜ਼ਰੂਰੀ ਸੁਨੇਹਾ ਸ਼ਾਮਿਲ ਹੈ। ਡਾ. ਮਿਨਹਾਸ ਨੇ ਦੱਸਿਆ ਕਿ ਸਾਡੇ ਦੇਸ਼ ਵਿੱਚ ਆਲੂ ਦਾ ਕੁੱਲ 60 ਮਿਲੀਅਨ ਟਨ ਉਤਪਾਦਨ ਹੁੰਦਾ ਹੈ, ਜਿਸ ਲਈ 6 ਮਿਲੀਅਨ ਟਨ ਬੀਜ ਦੀ ਲੋੜ ਪੈਂਦੀ ਹੈ। ਜਿਸ ਦਾ ਪੰਜਾਬ ਪੂਰਾ ਫਾਇਦਾ ਉਠਾ ਸਕਦਾ ਹੈ। ਕਿਉਂਕਿ ਪੰਜਾਬ ਨੂੰ ਕੁਦਰਤ ਵੱਲੋਂ ਅਜਿਹੇ ਪੌਣ-ਪਾਣੀ ਨਾਲ ਨਿਵਾਜਿਆ ਗਿਆ ਹੈ, ਜੋ ਆਲੂ ਦਾ ਬੀਜ ਪੈਦਾ ਕਰਨ ਲਈ ਬੇਹੱਦ ਅਨੁਕੂਲ ਹੈ, ਜਿਸ ਕਾਰਨ ਪੰਜਾਬ ਦੇ ਬੀਜ ਦੀ ਸਿਰਫ ਰਾਸ਼ਟਰੀ ਪੱਧਰ 'ਤੇ ਹੀ ਮੰਗ ਨਹੀਂ, ਸਗੋਂ ਅੰਤਰ-ਰਾਸ਼ਟਰੀ ਪੱਧਰ 'ਤੇ ਵੀ ਬਹੁਤ ਜ਼ਿਆਦਾ ਮੰਗ ਹੈ। ਉਨ੍ਹਾਂ ਦੱਸਿਆ ਕਿ ਪੰਜਾਬ 1 ਤੋਂ 1.5 ਮਿਲੀਅਨ ਟਨ ਬੀਜ ਦਾ ਉਤਪਾਦਨ ਕਰਕੇ ਘਰੇਲੂ ਲੋੜ ਦੀ ਪੂਰਤੀ ਵੀ ਨਹੀਂ ਕਰ ਰਿਹਾ, ਕਿਉਂਕਿ ਲੋੜ 6 ਮਿਲੀਅਨ ਟਨ ਦੀ ਹੈ। ਪਿਛਲੇ ਕਈ ਦਹਾਕਿਆਂ ਤੋਂ ਆਲੂ ਉਦਯੋਗ ਦੀਆਂ ਬਹੁਤ ਸਾਰੀਆਂ ਬਹੁ-ਕੌਮੀ ਕੰਪਨੀਆਂ ਨਾਲ ਜੁੜੇ ਅਤੇ ਅੱਜਕਲ੍ਹ ਹਲਦੀ ਰਾਮ ਗਰੁੱਪ ਦੀ ਇੱਕ ਕੰਪਨੀ ਮੰਤਰਾ ਐਗਰੀ ਦੇ ਸੀ. ਈ. ਓ. ਰਾਜੇਸ਼ ਭਾਟੀਆ ਨੇ ਆਲੂ ਦਿਵਸ ਮੌਕੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਸਾਰ ਭਰ ਵਿੱਚ ਆਲੂ ਦਾ ਖੁਰਾਕੀ ਆਹਾਰ ਲਈ ਬੇਹੱਦ ਮਹੱਤਵ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਕੁੱਲ ਉਤਪਾਦਨ ਦਾ ਸਿਰਫ 7 ਫੀਸਦੀ ਆਲੂ ਹੀ ਪ੍ਰੋਸੈਸ ਕੀਤਾ ਜਾ ਰਿਹਾ ਹੈ, ਜਦੋਂਕਿ ਆਲੂ ਤੋਂ ਬਣਨ ਵਾਲੇ ਉਤਪਾਦਾਂ ਦੀ ਮੰਗ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ, ਜਿਸ ਕਾਰਨ ਇਸ ਤੋਂ ਉਪ-ਉਤਪਾਦ ਤਿਆਰ ਕਰਨ ਵਾਲੀਆਂ ਉਦਯੋਗਿਕ ਇਕਾਈਆਂ ਵਿੱਚ ਵੀ ਬਹੁਤ ਵੱਡੀ ਪੱਧਰ 'ਤੇ ਨਿਵੇਸ਼ ਹੋ ਰਿਹਾ ਹੈ। ਪਟਿਆਲਾ ਜ਼ਿਲ੍ਹੇ ਦੇ ਪਿੰਡ ਕੂਕਾਂ ਦੇ ਕਿਸਾਨ ਦਲਵੀਰ ਸਿੰਘ ਢਿੱਲੋਂ ਜੋ ਪਿਛਲੇ 24 ਸਾਲਾਂ ਤੋਂ ਆਲੂ ਦੀ ਖੇਤੀ ਕਰ ਰਿਹਾ ਹੈ, ਨੇ ਦੱਸਿਆ ਕਿ ਸਰਕਾਰ ਦੀਆਂ ਠੋਸ ਮੰਡੀ ਨੀਤੀਆਂ ਦੀ ਘਾਟ ਕਾਰਨ ਹਰ ਤੀਜੇ-ਚੌਥੇ ਸਾਲ ਆਲੂ ਮੰਡੀਆਂ ਵਿੱਚ ਰੁਲਦਾ ਹੈ, ਜਿਸ ਦਾ ਸਿੱਧੇ ਰੂਪ ਵਿੱਚ ਕਿਸਾਨਾਂ ਨੂੰ ਨੁਕਸਾਨ ਹੁੰਦਾ ਹੈ। ਉਸ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਕਈ ਕਿਸਾਨਾਂ ਨੂੰ 100 ਰੁਪਏ ਕੁਇੰਟਲ ਦੇ ਰੇਟ 'ਤੇ ਆਲੂ ਵੇਚਣੇ ਪਏ, ਜਦੋਂਕਿ ਸਿਰਫ ਸਟੋਰ ਦਾ ਖਰਚਾ 240 ਰੁਪਏ ਪ੍ਰਤੀ ਕੁਇੰਟਲ ਸੀ, ਜਦੋਂ ਕਿ ਆਲੂ ਪੈਦਾ ਕਰਨ ਦੀ ਲਾਗਤ ਵੱਖਰੀ ਸੀ, ਜੋ 500 ਰੁਪਏ ਪ੍ਰਤੀ ਕੁਇੰਟਲ ਦੇ ਲਗਭਗ ਪੈ ਜਾਂਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਵੱਡਾ ਆਰਥਿਕ ਰਗੜਾ ਲੱਗਾ।



# ਕੀ ਇਮੋਸ਼ਨਲ ਬਦਲਾਵ ਦੇ ਕਾਰਨ ਬਲੱਡ ਪ੍ਰੈਸ਼ਰ ਵੱਧ ਸਕਦਾ ਹੈ

ਡਾ. ਰਿਪੁਦਮਨ ਸਿੰਘ ਅਤੇ
ਡਾ. ਆਰਿਅਨ ਸ਼ਰਮਾ,
ਸਦਭਾਵਨਾ ਮੈਡੀਕਲ ਤੇ
ਹਾਰਟ ਇੰਸਟੀਚਿਊਟ ਪਟਿਆਲਾ
ਮੋ: 9815200134, 9781787668

ਅਜੋਕੇ ਦੌਰ ਵਿਚ ਲੋਕਾਂ ਨੂੰ ਕੰਮ, ਪੜ੍ਹਾਈ ਅਤੇ ਕੈਰੀਅਰ ਦੀ ਟੈਂਸ਼ਨ ਬਣੀ ਰਹਿੰਦੀ ਹੈ । ਅਜਿਹੇ ਵਿਚ ਉਨ੍ਹਾਂ ਨੂੰ ਸਟਰੈਸ ਅਤੇ ਤਨਾਵ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਸਟਰੈਸ ਦੀ ਵਜ੍ਹਾ ਤੋਂ ਵਿਅਕਤੀ ਨੂੰ ਭਾਵਨਾਤਮਕ ਰੂਪ ਨਾਲ ਬਦਲਾਅ ਮਹਿਸੂਸ ਹੋ ਸਕਦਾ ਹੈ। ਇਹੀ ਵਜ੍ਹਾ ਹੈ ਕਿ ਮਨੋਵਿਗਿਆਨਿਕ ਦੱਸਦੇ ਹਨ ਕਿ ਸਾਡੀ ਭਾਵਨਾਵਾਂ ਜਿਵੇਂ ਕਿ ਤਨਾਵ, ਡਰ, ਦੁੱਖ, ਗੁੱਸਾ ਆਦਿ ਦਾ ਪ੍ਰਭਾਵ ਸਰੀਰਕ ਸਿਹਤ ਤੇ ਵੀ ਦੇਖਣ ਨੂੰ ਮਿਲਦਾ ਹੈ। ਕੁੱਝ ਮਾਮਲਿਆਂ ਵਿਚ ਇਹ ਸਿੱਧੇ ਰੂਪ ਤੋਂ ਵਿਅਕਤੀ ਦੀ ਮੌਜੂਦਾ ਸਿਹਤ ਸਮੱਸਿਆਵਾਂ ਜਿਵੇਂ ਕਿ ਡਾਇਬੀਟੀਜ਼ ਅਤੇ ਬਲੱਡ ਪ੍ਰੈਸ਼ਰ ਦੀ ਹਾਲਤ ਨੂੰ ਖਰਾਬ ਕਰਨ ਵਿਚ ਸਹਾਇਕ ਹੋ ਸਕਦਾ ਹੈ। ਮਾਹਿਰ ਦੱਸਦੇ ਹਨ ਕਿ ਜਦੋਂ ਅਸੀਂ ਤਨਾਵ ਵਿਚ ਹੁੰਦੇ ਹਾਂ ਜਾਂ ਗੁੱਸੇ ਵਿਚ ਆਉਂਦੇ ਹਾਂ ਤਾਂ ਸਰੀਰ ਵਿਚ ਕੁੱਝ ਹਾਰਮੋਨ (ਜਿਵੇਂ ਏਡਰੇਨਾਲਿਨ ਅਤੇ ਕਾਰਟਿਸੋਲ) ਸਰਗਰਮ ਹੋ ਜਾਂਦੇ ਹਨ। ਇਹ ਹਾਰਮੋਨ ''ਫਾਈਟ ਆਰ ਫਲਾਇਟ'' ਮੋਡ ਨੂੰ ਸਰਗਰਮ ਕਰਦੇ ਹਨ। ਇਸ ਦੀ ਵਜ੍ਹਾ ਤੋਂ ਵਿਅਕਤੀ ਦੀ ਧੜਕਣ ਤੇਜ ਹੋਣਾ, ਬਲੱਡ ਵੈਸਲਸ ਸੰਕੋਚੀ ਹੋਣ ਆਦਿ ਲੱਛਣ ਮਹਿਸੂਸ ਹੋ ਸਕਦੇ ਹਨ। ਅਜਿਹੇ ਵਿਚ ਕਈ ਲੋਕਾਂ ਦੇ ਮਨ ਵਿਚ ਪ੍ਰਸ਼ਨ ਉੱਠ ਸਕਦਾ ਹੈ ਕਿ ਕੀ ਇਮੋਸ਼ਨਲ ਬਦਲਾਅ ਨਾਲ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੋ ਸਕਦੀ ਹੈ। ਇਸ ਲੇਖ ਵਿਚ ਪੰਜਾਬੀ ਯੂਨੀਵਰਸਿਟੀ ਦੇ ਖੇਡ ਵਿਗਿਆਨ ਵਿਭਾਗ ਦੇ ਪ੍ਰੋਫੈਸਰ ਡਾ. ਅਸ਼ੋਕ ਚੋਪੜਾ ਅਤੇ ਡਾ. ਪਰਮਵੀਰ ਸਿੰਘ ਨਾਲ ਗੱਲ ਕਰਦੇ ਹੋਏ ਇਮੋਸ਼ਨਲ ਉਤਾਰ ਚੜ੍ਹਾਵ ਕਿਸ ਤਰ੍ਹਾਂ ਹਾਈ ਬਲੱਡ ਪ੍ਰੈਸ਼ਰ ਨੂੰ ਪ੍ਰਭਾਵਿਤ ਕਰ ਸਕਦਾ ਹੈ ? ਬਾਰੇ ਵਿਚਾਰ ਕੀਤਾ । ਇਹਨਾਂ ਨੇ ਦੱਸਿਆ ਕਿ ਲੇਖ ਵਿਚ ਕੁਝ ਨੁਕਤੇ ਵਿਚਾਰੇ ਜਾ ਰਹੇ ਹਨ ਜੋ ਲਗਭਗ ਹਰ ਇਨਸਾਨ ਦੇ ਜੀਵਨ ਵਿਚ ਆਉਂਦੇ ਹਨ ਤੇ ਅਸਰ ਪਾਉਂਦੇ ਹਨ :







**ਤਨਾਵ** : ਜਿਨ੍ਹਾਂ ਲੋਕਾਂ ਨੂੰ ਤਨਾਵ ਹੁੰਦਾ ਹੈ ਉਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਆਫਿਸ ਅਤੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ, ਆਰਥਿਕ ਸਮੱਸਿਆਵਾਂ ਸਰੀਰ ਨੂੰ ਲਗਾਤਾਰ ਅਲਰਟ ਮੋਡ ਵਿਚ ਰੱਖਦੀਆਂ ਹਨ ।

**ਗੁੱਸਾ ਆਉਣਾ** : ਵਿਅਕਤੀ ਨੂੰ ਗੁੱਸਾ ਆਉਣ ਤੇ ਸਰੀਰ ਵਿਚ ਏਡਰਿਨਲਿਨ ਦਾ ਪੱਧਰ ਤੇਜ਼ੀ ਨਾਲ ਵੱਧਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਤੁਰੰਤ ਉੱਚਾ ਲੈ ਜਾ ਸਕਦਾ ਹੈ। ਵਾਰ-ਵਾਰ ਗੁੱਸੇ ਵਿਚ ਆਣਾ ਦਿਲ ਲਈ ਬਹੁਤ ਖਤਰਨਾਕ ਹੁੰਦਾ ਹੈ।

**ਚਿੰਤਾ** : ਚਿੰਤਾ ਹੋਣ ਤੇ ਵਿਅਕਤੀ ਦਾ ਦਿਮਾਗ ਆਉਣ ਵਾਲੇ ਸੰਭਾਵਿਤ ਖਤਰਿਆਂ ਦੀ ਕਲਪਨਾ ਕਰਦਾ ਹੈ ਜਿਸ ਦੇ ਨਾਲ ਸਰੀਰ ਲਗਾਤਾਰ ਤਨਾਵਗ੍ਰਸਤ ਬਣਿਆ ਰਹਿੰਦਾ ਹੈ ਅਤੇ ਇਹ ਬਲੱਡ ਪ੍ਰੈਸ਼ਰ ਨੂੰ ਵਧਾਉਣ ਦਾ ਕੰਮ ਕਰਦਾ ਹੈ।

**ਡਿਪ੍ਰੈਸ਼ਨ ਅਤੇ ਉਦਾਸੀ** : ਡਿਪ੍ਰੈਸ਼ਨ ਵਿਚ ਵਿਅਕਤੀ ਦੀ ਊਰਜਾ ਘੱਟ ਹੋ ਜਾਂਦੀ ਹੈ ਲੇਕਿਨ ਸਰੀਰ ਦੇ ਅੰਦਰ ਤਨਾਵ ਬਣਿਆ ਰਹਿੰਦਾ ਹੈ। ਇਸ ਨਾਲ ਦਿਲ ਸਬੰਧੀ ਸਮੱਸਿਆਵਾਂ ਵਧਣ ਲੱਗਦੀਆਂ ਹਨ ।

**ਡਰ ਅਤੇ ਬੇਚੈਨੀ** : ਡਰ ਲੱਗਣ ਤੇ ਸਰੀਰ ਦੀ ਉਹੀ ਪ੍ਰਤੀਕਿਰਿਆ ਹੁੰਦੀ ਹੈ ਜਿਵੇਂ ਕਿ ਖਤਰੇ ਨਾਲ ਲੜਨ ਦੇ ਸਮੇਂ ਹੁੰਦੀ ਹੈ। ਇਸ ਤੋਂ ਬਲੱਡ ਪ੍ਰੈਸ਼ਰ ਵਧਦਾ ਹੈ ਅਤੇ ਸਾਹ ਤੇਜ਼ ਚੱਲਣ ਲਗਦਾ ਹੈ।

**ਭਾਵਨਾਤਮਕ ਉਤਾਰ-ਚੜ੍ਹਾਵ ਨੂੰ ਕਿਵੇਂ ਨਿਯੰਤਰਿਤ ਕੀਤਾ ਜਾਵੇ ?**

ਭਾਵਨਾਵਾਂ ਨੂੰ ਦਬਾਉਣ ਦੀ ਬਜਾਏ ਉਨ੍ਹਾਂ ਨੂੰ ਕਿਸੇ ਕਰੀਬੀ ਨਾਲ ਸਾਂਝਾ ਕਰੋ ਜਾਂ ਡਾਇਰੀ ਵਿਚ ਲਿਖੋ। ਨੇਮੀ ਮੈਡੀਟੇਸ਼ਨ, ਯੋਗ ਸਰੀਰ ਅਤੇ ਮਨ ਦੋਨਾਂ ਨੂੰ ਸੰਤੁਲਿਤ ਰੱਖਦੇ ਹਨ । ਇਹ ਤਨਾਵ ਨੂੰ ਘੱਟ ਕਰਦਾ ਹੈ ਅਤੇ ਬਲੱਡ ਪ੍ਰੈਸ਼ਰ ਨੂੰ ਨਿਯੰਤਰਿਤ ਕਰਦਾ ਹੈ। ਜਦੋਂ ਵੀ ਗੁੱਸਾ ਜਾਂ ਤਨਾਵ ਮਹਿਸੂਸ ਹੋਵੇ ਤਾਂ ਹੌਲੀ ਹੌਲੀ ਡੂੰਘਾ ਸਾਹ ਲਵੋ। ਇਹ ਸਰੀਰ ਨੂੰ ਸ਼ਾਂਤ ਕਰਨ ਵਿਚ ਮਦਦ ਕਰਦਾ ਹੈ।

ਤੇਜ਼ ਚੱਲਣਾ, ਦੌੜਨਾ, ਸਾਈਕਲ ਚਲਾਣਾ ਆਦਿ ਗਤੀਵਿਧੀਆਂ ਤਨਾਅ ਅਤੇ ਹਾਰਮੋਨ ਨੂੰ ਘੱਟ ਕਰਦੀਆਂ ਹਨ ।

ਨੀਂਦ ਦੀ ਕਮੀ ਨਾਲ ਤਨਾਵ ਅਤੇ ਚਿੜਚਿੜਾਪਨ ਵਧਦਾ ਹੈ ਜਿਸ ਦੇ ਨਾਲ ਬਲੱਡ ਪ੍ਰੈਸ਼ਰ ਪ੍ਰਭਾਵਿਤ ਹੁੰਦਾ ਹੈ। ਅਜਿਹੇ ਵਿਚ ਰੋਜ਼ਾਨਾ 7-8 ਘੰਟੇ ਦੀ ਨੀਂਦ ਜ਼ਰੂਰੀ ਹੈ।

ਜ਼ਿਆਦਾ ਲੂਣ, ਚੀਨੀ, ਤਲਿਆ-ਭੁੰਨਿਆ ਖਾਣਾ ਅਤੇ ਕੈਫੀਨ ਬਲੱਡ ਪ੍ਰੈਸ਼ਰ ਨੂੰ ਜ਼ਿਆਦਾ ਵਧਾ ਸਕਦੇ ਹਨ। ਅਜਿਹੇ ਵਿਚ ਫਲ, ਸਬਜ਼ੀਆਂ ਅਤੇ ਸਾਬੁਤ ਅਨਾਜ ਖਾਓ।

ਚੰਗਾ ਜੀਵਨ ਜਿਊਣ ਲਈ ਆਪਣੇ ਰਹਿਣ ਸਹਿਣ ਵਿਚ ਤਬਦੀਲੀ ਕਰਨ ਦੀ ਕੋਸ਼ਿਸ਼ ਇਨਸਾਨ ਨੂੰ ਕਰਨੀ ਚਾਹੀਦੀ ਹੈ। ਜੇਕਰ ਹਾਲਾਤ ਹੱਥੋਂ ਬਾਹਰ ਹੁੰਦੇ ਨਜ਼ਰ ਆਉਣ ਤਾਂ ਦਵਾਈਆਂ ਦਾ ਸਹਾਰਾ ਹੀ ਰਹਿ ਜਾਂਦਾ ਹੈ। ਸੋ ਇਹ ਨਿਯਮ ਵੀ ਨੇਮੀ ਰੂਪ ਵਿਚ ਵਰਤਣੇ ਚਾਹੀਦੇ ਹਨ। ਓਹੜ ਪੋਹੜ ਕੰਮ ਨਹੀਂ ਕਰਦੇ, ਖੇਡ ਵਿਗਿਆਨੀਆਂ ਦੀ ਅਤੇ ਆਪਣੇ ਡਾਕਟਰ ਦੀ ਸਲਾਹ ਬੇਹਤਰ ਹੀ ਰਹਿੰਦੀ ਹੈ।

# ਪੰਜਾਬ ਵਿੱਚ ਸਾਲ 2024-25 ਦੌਰਾਨ ਭੋਜਨ ਪਦਾਰਥਾਂ ਦੇ 22 ਫੀਸਦੀ ਨਮੂਨੇ ਫੇਲ੍ਹ

**★ ਦਸਤ, ਪੇਟ ਦਰਦ, ਗੁਰਦੇ, ਐਲਰਜੀ, ਜਿਗਰ ਤੇ ਦਿਲ ਦੀਆਂ ਬਿਮਾਰੀਆਂ ਲਈ ਜ਼ਿੰਮੇਵਾਰ ਹੈ ਮਿਲਾਵਟੀ ਭੋਜਨ ★ ਦੁੱਧ ਦੇ 20,488 ਨਮੂਨਿਆਂ ਵਿੱਚੋਂ 3,712 ਮਾਪਦੰਡਾਂ ਦੇ ਅਨੁਕੂਲ ਨਹੀਂ, ਖੋਏ ਦੀ ਸਫਲਤਾ ਦਰ 26 ਫੀਸਦੀ ਹੋਣ ਦੇ ਖੁਲਾਸੇ**

ਭੋਜਨ ਪਦਾਰਥਾਂ ਵਿੱਚ ਮਿਲਾਵਟਖੋਰੀ ਨੇ ਪੰਜਾਬੀਆਂ ਨੂੰ ਸਿਹਤ ਪੱਖੋਂ ਮੰਜੇ ਕੇ ਰੱਖ ਦਿੱਤਾ ਹੈ। ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਵੱਧ ਰਹੀ ਮਿਲਾਵਟਖੋਰੀ ਲੋਕਾਂ ਦੀ ਸਿਹਤ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਦੁੱਧ ਉਤਪਾਦਾਂ, ਖਾਣ ਵਾਲੇ ਤੇਲਾਂ, ਸਬਜ਼ੀਆਂ, ਮਿਠਾਈਆਂ ਅਤੇ ਹੋਰ ਖਾਣ-ਪੀਣ ਦੀਆਂ ਵਸਤਾਂ ਵਿੱਚ ਡਿਟਰਜੈਂਟ ਪਾਊਡਰ, ਸਿੰਥੈਟਿਕ ਰੰਗ, ਭਾਰੀ ਧਾਤਾਂ ਅਤੇ ਹਾਨੀਕਾਰਕ ਰਸਾਇਣਾਂ ਦੀ ਮਿਲਾਵਟ ਕੀਤੀ ਜਾ ਰਹੀ ਹੈ। ਮਿਲਾਵਟੀ ਭੋਜਨ ਦਾ ਸੇਵਨ ਦਸਤ, ਮਤਲੀ, ਪੇਟ ਦਰਦ, ਗੁਰਦੇ, ਐਲਰਜੀ, ਜਿਗਰ ਅਤੇ ਦਿਲ ਦੀਆਂ ਬਿਮਾਰੀਆਂ ਵਰਗੀਆਂ ਸਿਹਤ ਸਮੱਸਿਆਵਾਂ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਹਲਦੀ ਵਿੱਚ ਮਿਲਾਇਆ ਜਾਂਦਾ ਲੈਡ ਕ੍ਰੋਮੇਟ ਦਿਮਾਗ ਨੂੰ ਨੁਕਸਾਨ ਪਹੁੰਚਾਉਣ ਅਤੇ ਕੈਂਸਰ ਦਾ ਕਾਰਨ ਬਣ ਸਕਦਾ ਹੈ ਅਤੇ ਫਲਾਂ ਨੂੰ ਛੇਤੀ ਪਕਾਉਣ ਲਈ ਕੈਲਸ਼ੀਅਮ ਕਾਰਬਾਈਡ (ਜੋ ਪੇਟ ਦੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ) ਦੀ ਵਰਤੋਂ ਆਮ ਹੈ। ਲੰਬੇ ਸਮੇਂ ਤੱਕ ਮਿਲਾਵਟੀ ਭੋਜਨ ਖਾਣ ਨਾਲ ਗੁਰਦੇ ਖਰਾਬ ਹੋਣ, ਜਿਗਰ ਦੀਆਂ ਬਿਮਾਰੀਆਂ, ਦਿਲ ਦੇ ਰੋਗ ਅਤੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ। ਇਸ ਦੀ ਪੁਸ਼ਟੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਰਾਜ ਮੰਤਰੀ ਪ੍ਰਤਾਪਰਾਓ ਨੇ ਵੀ ਅਪ੍ਰੈਲ 2025 ਵਿੱਚ ਲੋਕ ਸਭਾ ਅੰਦਰ ਇੱਕ ਸਵਾਲ ਦੇ ਜਵਾਬ ਵਿੱਚ ਕੀਤੀ ਹੈ। ਹਾਲਾਂਕਿ, ਉਨ੍ਹਾਂ ਦੱਸਿਆ ਕਿ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੇ ਇਸ ਦੇ ਮਾੜੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਲਈ ਕੋਈ ਵਿਸ਼ੇਸ਼ ਅਧਿਐਨ ਨਹੀਂ ਕੀਤਾ ਹੈ। ਦੂਜੇ ਪਾਸੇ, ਫੂਡ ਸੇਫਟੀ ਸਟੈਂਡਰਡ ਆਫ ਇੰਡੀਆ ਖਾਸ ਤੌਰ 'ਤੇ ਮਿਲਾਵਟ ਲਈ ਸੰਵੇਦਨਸ਼ੀਲ ਮੁੱਖ ਭੋਜਨਾਂ ਦੀ ਦੇਸ਼ ਪੱਧਰੀ ਨਿਗਰਾਨੀ ਵੀ ਕਰਦੀ ਹੈ। ਪੰਜਾਬ ਅੰਦਰ ਜਨਤਕ ਸਿਹਤ ਮੁੱਦੇ ਨਾਲ ਸੰਬੰਧਿਤ ਇਸ ਮਾਮਲੇ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫਰਵਰੀ 2025 ਵਿੱਚ ਰਜ ਸਰਕਾਰ ਨੂੰ ਮਿਲਾਵਟੀ ਡੇਅਰੀ ਉਤਪਾਦਾਂ ਬਾਰੇ ਚਿੰਤਾਵਾਂ ਦਾ ਜਵਾਬ ਦੇਣ ਦਾ ਨਿਰਦੇਸ਼ ਦਿੱਤਾ ਹੈ, ਜਿਸ ਨਾਲ ਜਨਤਾ ਲਈ ਪੈਦਾ ਹੋਣ ਵਾਲੇ ਗੰਭੀਰ ਸਿਹਤ ਜੋਖਮਾਂ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਨਿਰਦੇਸ਼ ਇੱਕ ਜਨ-ਹਿੱਤ ਪਟੀਸ਼ਨ ਤੋਂ ਬਾਅਦ ਆਇਆ ਹੈ, ਜਿਸ ਵਿੱਚ ਚਿੰਤਾਜਨਕ ਅੰਕੜਿਆਂ ਨੂੰ ਉਜਾਗਰ ਕੀਤਾ ਗਿਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਵਿੱਚ 21 ਫੀਸਦੀ ਦੇਸੀ ਘਿਉ ਅਤੇ 26 ਫੀਸਦੀ ਖੋਏ ਦੇ ਨਮੂਨੇ ਘੱਟੋ-ਘੱਟ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਹਨ। ਕੇਂਦਰੀ ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ 2021 ਤੋਂ 2025 ਤੱਕ ਪੰਜਾਬ ਵਿੱਚ ਇਕੱਠੇ ਕੀਤੇ ਗਏ 22,616 ਭੋਜਨ ਨਮੂਨਿਆਂ ਵਿੱਚੋਂ ਲਗਭਗ 18 (4070 ਨਮੂਨੇ) ਸੁਰੱਖਿਆ ਨਿਯਮਾਂ ਦੀ ਪਾਲਨਾ ਨਹੀਂ ਕਰਦੇ ਪਾਏ ਗਏ। ਨਮੂਨਿਆਂ ਦੀ ਅਸਫਲਤਾ ਦਰ 2024-25 ਵਿੱਚ 22 ਫੀਸਦੀ (1628 ਨਮੂਨਿਆਂ ਵਿੱਚੋਂ 358) ਜੋ ਕਿ ਸਭ ਤੋਂ ਵੱਧ ਦਰ ਹੈ। ਡੇਅਰੀ ਉਤਪਾਦਾਂ ਬਾਰੇ 2021 ਤੋਂ 2024 ਦਰਮਿਆਨ ਇਕੱਠੇ ਕੀਤੇ ਗਏ 20,988 ਦੁੱਧ ਦੇ ਨਮੂਨਿਆਂ ਵਿੱਚੋਂ 3,712 ਮਾਪਦੰਡਾਂ ਦੇ ਅਨੁਕੂਲ ਨਹੀਂ ਪਾਏ ਗਏ। 2023-24 ਵਿੱਚ ਖੁੱਲ੍ਹੇ ਦੁੱਧ ਦੇ 13.6 ਫੀਸਦੀ ਨਮੂਨੇ ਅਤੇ ਦੇਸੀ ਘਿਉ ਦੇ 21.4 ਫੀਸਦੀ ਨਮੂਨੇ ਖੁਰਾਕ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਸਨ। ਇਹ ਵੀ ਪਤਾ ਲੱਗਾ ਹੈ ਕਿ 2021 ਤੋਂ 2024 ਦੌਰਾਨ 3200 ਤੋਂ ਵੱਧ ਸਿਵਲ ਅਤੇ 300 ਅਪਰਾਧਕ ਮਾਮਲੇ ਸ਼ੁਰੂ ਹੋਏ ਹਨ। 2022 ਵਿੱਚ ਅਦਾਲਤਾਂ ਨੇ ਫੂਡ ਬਿਜ਼ਨੈਸ ਅਪਰੇਟਰਾਂ ਤੋਂ 1.81 ਕਰੋੜ, 2023 ਵਿੱਚ 2.34 ਕਰੋੜ ਅਤੇ ਜਨਵਰੀ 2024 ਦੇ ਇਕੱਲੇ ਮਹੀਨੇ ਅੰਦਰ ਹੀ 15.35 ਲੱਖ ਰੁਪਏ ਜੁਰਮਾਨੇ ਵਜੋਂ ਵਸੂਲ ਕੀਤੇ ਗਏ ਸੀ। ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਪੰਜਾਬ ਅੰਦਰ ਦੁੱਧ ਦੀ ਕੁੱਲ ਪੈਦਾਵਾਰ ਦੇ ਮੁਕਾਬਲੇ ਲਾਗਤ ਕਾਫ਼ੀ ਜ਼ਿਆਦਾ ਦੱਸੀ ਜਾ ਰਹੀ ਹੈ, ਜਿਸ ਕਾਰਨ ਨਕਲੀ ਅਤੇ ਮਿਲਾਵਟਖੋਰੀ ਦਾ ਧੰਦਾ ਜ਼ੋਰਾਂ ਨਾਲ ਚੱਲ ਰਿਹਾ ਹੈ। ਭਾਵੇਂ ਕਿ ਸੂਬੇ ਅੰਦਰ ਨਸ਼ਿਆਂ ਨੇ ਪੰਜਾਬੀਆਂ ਨੂੰ ਮਧੋਲਿਆ ਹੋਇਆ ਹੈ, ਪਰ ਖਾਣ-ਪੀਣ ਦੀਆਂ ਵਸਤਾਂ ਵਿੱਚ ਵੱਧ ਰਹੀ ਮਿਲਾਵਟਖੋਰੀ ਕਾਰਨ ਹੋ ਰਹੀਆਂ ਬਿਮਾਰੀਆਂ ਅਤੇ ਮੌਤਾਂ 'ਤੇ ਸਿਹਤ ਵਿਭਾਗ ਤੇ ਸਰਕਾਰ ਨੇ ਅੱਖਾਂ ਮੀਚੀਆਂ ਹੋਈਆਂ ਹਨ। ਸਰਕਾਰਾਂ ਵੱਲੋਂ ਕੀਤੇ ਜਾ ਰਹੇ ਦਾਅਵੇ ਜ਼ਮੀਨੀ ਹਕੀਕਤਾਂ ਤੋਂ ਕੋਹਾਂ ਦੂਰ ਹਨ। ਅਸਲ ਵਿੱਚ ਮਿਲਾਵਟਖੋਰੀ ਨਾਲ ਨਜਿੱਠਣ ਲਈ ਬਹੁਪੱਖੀ ਪਹੁੰਚ ਅਪਣਾਉਣ ਦੀ ਲੋੜ ਹੈ। ਇਸ ਤੋਂ ਇਲਾਵਾ ਮਿਲਾਵਟੀ ਭੋਜਨ ਦੀ ਪਛਾਣ ਕਰਨ ਬਾਰੇ ਖਪਤਕਾਰ ਸਿੱਖਿਆ ਮੁਹਿੰਮਾਂ ਵਿਅਕਤੀਆਂ ਨੂੰ ਸੁਰੱਖਿਅਤ ਚੀਜ਼ਾਂ ਦੀ ਚੋਣ ਕਰਨ ਲਈ ਸ਼ਕਤੀ ਪ੍ਰਦਾਨ ਕਰ ਸਕਦੀਆਂ ਹਨ। ਭਾਵੇਂ ਕਿ ਸਥਿਤੀ ਗੰਭੀਰ ਹੈ, ਪਰ ਇਸ 'ਤੇ ਤਾਲਮੇਲ ਵਾਲੀ ਕੋਸ਼ਿਸ਼ ਨਾਲ ਕਾਬੂ ਪਾਇਆ ਜਾ ਸਕਦਾ ਹੈ। ਦੂਜੇ ਪਾਸੇ, ਫੂਡ ਸੇਫਟੀ ਸਟੈਂਡਰਡ ਆਫ ਇੰਡੀਆ ਖਪਤਕਾਰਾਂ ਨੂੰ ਸੁਰੱਖਿਅਤ ਭੋਜਨ ਉਤਪਾਦਾਂ ਦੀ ਉਪਲੱਬਧਤਾ ਯਕੀਨੀ ਬਣਾਉਣ ਦਾ ਦਾਅਵਾ ਕਰ ਰਹੀ ਹੈ।

# ਕਿਸਾਨ ਵੀਰਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

**ਝੋਨਾ** : ਝੋਨੇ ਦੀ ਪੀ. ਆਰ.-126 ਕਿਸਮ ਦੀ ਪਨੀਰੀ ਦੀ ਬਿਜਾਈ 25 ਮਈ ਤੋਂ 20 ਜੂਨ ਤੱਕ ਕਰ ਸਕਦੇ ਹਾਂ। ਬਾਸਮਤੀ ਨੂੰ ਜੜਗੰਢ ਨੀਮਾਟੋਡ ਦੇ ਹਮਲੇ ਤੋਂ ਬਚਾਉਣ ਲਈ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ 40 ਗ੍ਰਾਮ ਸਰ੍ਹੋਂ ਦੀ ਖਲ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ



ਸੋਧੋ। ਝੰਡਾ ਰੋਗ ਤੋਂ ਬਚਾਉਣ ਲਈ ਬੀਜ ਨੂੰ 15 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਨਾਲ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧ ਕੇ ਬੀਜੋ। ਪਨੀਰੀ ਦੀ ਬਿਜਾਈ ਲਈ ਕੱਦੂ ਕਰਨ ਸਮੇਂ 26 ਕਿਲੋ ਯੂਰੀਆ, 60 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ 40 ਕਿਲੋ ਜ਼ਿੰਕ ਸਲਫੇਟ (ਹੈਪਟਾਹਾਈਡਰੇਟ) ਜਾਂ 25 ਕਿਲੋ ਜ਼ਿੰਕ ਸਲਫੇਟ (ਮੋਨੋਹਾਈਡਰੇਟ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ। ਬੀਜਣ ਤੋਂ 15 ਦਿਨਾਂ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉ। ਝੋਨੇ ਦੀ ਪਨੀਰੀ ਵਿੱਚੋਂ ਨਦੀਨਾਂ ਨੂੰ ਚੰਗੀ ਤਰ੍ਹਾਂ ਖਤਮ ਕਰਨ ਲਈ 1200 ਮਿਲੀਲੀਟਰ ਬੂਟਾਕਲੋਰ 50 ਤਾਕਤ ਨੂੰ ਬਿਜਾਈ ਤੋਂ 7 ਦਿਨਾਂ ਬਾਅਦ ਜਾਂ 500 ਮਿਲੀਲੀਟਰ ਸੋਫਿਟ 37.5 ਈ. ਸੀ. (ਪ੍ਰੈਟੀਲਾਕਲੋਰ + ਸੇਫਨਰ ਮਿਲੀਆਂ ਹੋਈਆਂ) ਨੂੰ ਬਿਜਾਈ ਤੋਂ 3 ਦਿਨਾਂ ਬਾਅਦ ਵਰਤੋ। ਕਿਸੇ ਇੱਕ ਨਦੀਨ-ਨਾਸ਼ਕ ਦੀ ਵਰਤੋਂ 60 ਕਿਲੋ ਰੇਤ ਵਿੱਚ ਮਿਲਾ ਕੇ ਕਰੋ। ਇਸੇ ਤਰ੍ਹਾਂ ਨਰਸਰੀ ਬੀਜਣ ਤੋਂ 15-20 ਦਿਨਾਂ ਬਾਅਦ ਨੋਮਿਨੀ ਗੋਲਡ 10 ਐਸ. ਸੀ. 100 ਮਿਲੀਲੀਟਰ ਪ੍ਰਤੀ ਏਕੜ ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰਨ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਕਪਾਹ** : ਨਰਮੇ ਦੀ ਫ਼ਸਲ ਨੂੰ ਵਿਰਲਾ ਕਰਨ ਤੋਂ ਬਾਅਦ ਬੀ. ਟੀ. ਰਹਿਤ ਕਿਸਮਾਂ ਲਈ 33 ਕਿਲੋ ਯੂਰੀਆ, ਬੀ. ਟੀ. ਨਰਮੇ ਦੀਆਂ ਕਿਸਮਾਂ ਲਈ 40 ਕਿਲੋ ਯੂਰੀਆ ਅਤੇ ਬੀ. ਟੀ./ਗੈਰ-ਬੀ. ਟੀ. ਹਾਈਬ੍ਰਿਡ ਲਈ 45 ਕਿਲੋ ਯੂਰੀਆ



ਪ੍ਰਤੀ ਏਕੜ ਪਾਓ। ਬੀ. ਟੀ. ਨਰਮੇ ਵਿੱਚ ਲੋੜ ਅਨੁਸਾਰ ਯੂਰੀਆ ਵਰਤਣ ਲਈ ਪੀ. ਏ. ਯੂ.-ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਪਾਹ-ਨਰਮੇ ਦੀ ਫ਼ਸਲ ਵਿੱਚ ਨਾਗੇ ਭਰਨ ਲਈ ਲਿਫਾਫਿਆਂ ਵਿੱਚ ਬੀਜ ਲਗਾਉ। ਵਧੀਆ ਜਮਾਅ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਕਰੋ। ਨਰਮਾ ਨਿੰਬੂ ਜਾਤੀ ਦੇ ਬਾਗਾਂ ਨੇੜੇ ਨਾ ਬੀਜੋ। ਨਰਮੇ ਲਾਗੇ ਭਿੰਡੀ, ਮੂੰਗੀ, ਢੈਂਚਾ, ਅਰਿੰਡ, ਅਰਹਰ ਆਦਿ ਦੀ ਫ਼ਸਲ ਵੀ ਨਾ ਲਗਾਉ। ਖੇਤ ਸਾਫ਼ ਰੱਖੋ। ਕੰਘੀ ਬੂਟੀ ਅਤੇ ਪੀਲੀ ਬੂਟੀ ਨੂੰ ਵੱਟਾਂ ਬੰਨਿਆਂ ਤੋਂ ਖਤਮ ਕਰ ਦਿਉ, ਕਿਉਂਕਿ ਪੱਤਾ ਮਰੋੜ ਵਾਇਰਸ ਨਰਮੇ 'ਤੇ ਹਮਲਾ ਕਰਨ ਤੋਂ ਪਹਿਲਾਂ ਇੱਥੇ ਹੀ ਪਲਦਾ ਹੈ। ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿੱਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦਿਉ।

**ਬਾਸਮਤੀ** : ਪੰਜਾਬ ਬਾਸਮਤੀ-7, ਪੰਜਾਬ ਬਾਸਮਤੀ-5, ਪੂਸਾ ਬਾਸਮਤੀ-1121, ਪੂਸਾ ਬਾਸਮਤੀ-1847 ਅਤੇ ਪੂਸਾ ਬਾਸਮਤੀ-1718 ਦੀ ਪਨੀਰੀ ਜੂਨ ਦੇ ਪਹਿਲੇ ਪੰਦਰਵਾੜੇ ਵਿੱਚ ਬੀਜੋ। ਸੀ. ਐਸ. ਆਰ.-30 ਅਤੇ ਪੂਸਾ ਬਾਸਮਤੀ-1509 ਦੀ ਪਨੀਰੀ ਜੂਨ ਦੇ ਦੂਸਰੇ ਪੰਦਰਵਾੜੇ ਵਿੱਚ ਹੀ ਬੀਜੋ। ਬਾਸਮਤੀ ਕਿਸਮਾਂ ਨੂੰ ਬੀਜ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ (ਝੰਡਾ ਰੋਗ) ਤੋਂ ਬਚਾਉਣ ਲਈ 3 ਗ੍ਰਾਮ ਸਪਰਿੰਟ ਨੂੰ 10-12 ਮਿ. ਲੀ. ਪਾਣੀ ਵਿੱਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਬੀਜੋ।

**ਕਮਾਦ** : ਕਮਾਦ ਦੀ ਫ਼ਸਲ ਨੂੰ 7-12 ਦਿਨਾਂ ਦੇ ਵਕਫ਼ੇ 'ਤੇ ਪਾਣੀ ਦਿਉ ਅਤੇ ਕਮਾਦ ਦੀਆਂ ਕਤਾਰਾਂ ਦੇ ਨਾਲ-



ਨਾਲ 65 ਕਿਲੋ ਯੂਰੀਆ ਦੀ ਦੂਸਰੀ ਕਿਸ਼ਤ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਆਗ ਦੇ ਗੜੂੰਏਂ ਦੇ ਹਮਲੇ ਦੀ ਰੋਕਥਾਮ ਲਈ ਮਿੱਤਰ ਕੀੜੇ (ਟ੍ਰਾਈਕੋਗਰਾਮਾ ਜਪੋਨੀਕਮ) ਰਾਹੀਂ 7 ਦਿਨ ਪਹਿਲਾਂ ਪ੍ਰਜੀਵੀ ਕਿਰਿਆ ਕੀਤੇ ਕੋਰਸਾਇਰਾ ਦੇ ਤਕਰੀਬਨ 20,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨ ਦੇ ਫਰਕ ਨਾਲ ਵਰਤੋ। ਟ੍ਰਾਈਕੋਕਾਰਡਾਂ ਦੀ ਵਰਤੋਂ ਦੇ ਨਾਲ-ਨਾਲ, 10 ਫਿਰੋਮੇਨ ਟਰੈਪ ਪ੍ਰਤੀ ਏਕੜ ਵਰਤਣ ਨਾਲ ਆਗ ਦੇ ਗੜੂੰਏਂ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ। ਜੂਨ ਦੇ ਅਖੀਰਲੇ ਹਫਤੇ ਜਾਂ ਜੁਲਾਈ ਦੇ ਪਹਿਲੇ ਹਫਤੇ ਜੇਕਰ ਹਮਲਾ 5% ਤੋਂ ਵੱਧ ਹੋਵੇ ਤਾਂ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿਲੋ ਕਾਰਬੋਫਿਊਰਾਨ 3ਜੀ ਪ੍ਰਤੀ ਏਕੜ ਦੇ ਹਿਸਾਬ ਨਾਲ ਸ਼ਾਖਾ ਦੇ ਮੁੱਢਾਂ ਨੇੜੇ ਪਾਉ ਅਤੇ ਹਲਕੀ ਮਿੱਟੀ ਚਾੜ ਕੇ ਖੇਤ ਨੂੰ ਪਾਣੀ ਲਾ ਦਿਉ। ਇਸ ਮਹੀਨੇ ਕਈ ਵਾਰ ਕਾਲੇ ਖਟਮਲ ਦਾ ਹਮਲਾ ਖਾਸ ਕਰਕੇ ਮੁੱਢੇ ਕਮਾਦ 'ਤੇ ਕਾਫ਼ੀ ਖਤਰਨਾਕ ਹੁੰਦਾ ਹੈ।


**ਮੱਕੀ** : ਨੀਮ ਪਹਾੜੀ ਇਲਾਕਿਆਂ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਮੱਕੀ ਦੀ ਬਿਜਾਈ ਸ਼ੁਰੂ ਕਰ ਦਿਉ। ਜੇਕਰ ਨਦੀਨ ਨਾ ਹੋਣ ਤਾਂ ਵਹਾਈ ਤੋਂ ਬਗੈਰ ਵੀ ਬਿਜਾਈ ਕੀਤੀ ਜਾ ਸਕਦੀ ਹੈ। ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ 50 ਘੁਲਣਸ਼ੀਲ (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਨੂੰ ਭਾਰੀਆਂ ਜ਼ਮੀਨਾਂ ਲਈ ਅਤੇ 500 ਗ੍ਰਾਮ ਨੂੰ ਹਲਕੀਆਂ ਜ਼ਮੀਨਾਂ ਲਈ ਬਿਜਾਈ ਦੇ 10 ਦਿਨਾਂ ਦੇ ਅੰਦਰ ਵਰਤੋ। ਮੱਕੀ ਨੂੰ ਖਾਲੀਆਂ ਵਿੱਚ ਵੀ ਬੀਜਿਆ ਜਾ ਸਕਦਾ ਹੈ। ਇਸ ਨਾਲ ਸਿੰਜਾਈ ਵਾਲਾ ਪਾਣੀ ਵੀ ਬਚੇਗਾ ਅਤੇ ਫ਼ਸਲ ਵੀ ਨਹੀਂ ਡਿੱਗੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕਿਸਮਾਂ ਹੀ ਬੀਜੋ। ਖੇਲਾਂ ਵਿੱਚ ਮੱਕੀ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ 'ਤੇ ਕਰੋ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ ਵਿੱਥ 'ਤੇ ਵੱਟਾਂ ਦੇ ਪਾਸੇ 'ਤੇ 6-7 ਸੈਂਟੀਮੀਟਰ ਦੀ ਉਚਾਈ 'ਤੇ ਬਿਜਾਈ ਕਰੋ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ। ਬੈੱਡ ਬਣਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੈਡ ਜਾਂ ਵੱਟਾਂ 'ਤੇ ਮੱਕੀ ਦੀ ਬਿਜਾਈ ਕਰਨ ਨਾਲ ਮੱਕੀ ਦੇ ਉਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ। ਇੰਝ ਮੱਕੀ ਡਿੱਗੇਗੀ ਵੀ ਨਹੀਂ ਅਤੇ ਝਾੜ ਵੀ ਚੋਖਾ ਮਿਲੇਗਾ। ਖਾਦਾਂ ਮਿੱਟੀ ਪਰਖ ਦੇ ਆਧਾਰ 'ਤੇ ਪਾਉ। ਹਾਈਬ੍ਰਿਡ ਪੀ. ਐਮ. ਐਚ.-1, 11, 13, 14 ਅਤੇ 17, ਡੀ. ਕੇ. ਸੀ.-9144, ਬਾਇਓਸੀਡ-9788, ਏ. ਡੀ. ਵੀ.-9293, ਜੇ. ਸੀ.-12 ਅਤੇ ਪੰਜਾਬ ਸਵੀਟ ਕਾਰਨ-1 ਨੂੰ ਬਿਜਾਈ ਸਮੇਂ 35 ਕਿਲੋ ਯੂਰੀਆ (ਇੱਕ-ਤਿਹਾਈ) ਅਤੇ ਪੀ. ਐਮ. ਐਚ.-2, ਜੇ. ਸੀ.-4 ਅਤੇ ਪਰਲ ਪਾਪਕਾਰਨ ਨੂੰ 25 ਕਿਲੋ ਯੂਰੀਆ (ਇੱਕ-ਤਿਹਾਈ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਬਿਜਾਈ ਤੋਂ ਪਹਿਲਾਂ ਗਲੀ-ਸੜੀ ਰੂੜੀ 6 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਜੇਕਰ ਕਣਕ ਦੇ ਵੱਢ ਵਿੱਚ ਮੱਕੀ ਬੀਜੀ ਹੈ, ਜਿਸ ਨੂੰ ਸਿਫਾਰਿਸ਼ ਮੁਤਾਬਿਕ ਫਾਸਫੋਰਸ ਪਾਈ ਹੋਵੇ ਤਾਂ ਮੱਕੀ ਨੂੰ ਫਾਸਫੋਰਸ ਪਾਉਣ ਦੀ ਲੋੜ ਨਹੀਂ। ਪੋਟਾਸ਼ ਖਾਦ ਦੀ ਵਰਤੋਂ ਤਾਂ ਹੀ ਕਰੋ, ਜੇਕਰ ਮਿੱਟੀ ਵਿੱਚ ਪੋਟਾਸ਼ ਦੀ ਘਾਟ ਹੋਵੇ। ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨਾਂ ਦੇ ਅੰਦਰ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਪ੍ਰਤੀ ਏਕੜ ਐਟਰਾਟਾਫ / ਐਟਰਾਗੋਲਡ 50 ਡਬਲਯੂ. ਪੀ. (ਐਟਰਾਜ਼ੀਨ) ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

**ਮੂੰਗਫਲੀ** : ਬਰਾਨੀ ਹਾਲਤਾਂ ਵਿੱਚ ਮੂੰਗਫਲੀ ਦੀ ਬਿਜਾਈ ਜੂਨ ਦੇ ਅਖੀਰਲੇ ਹਫਤੇ ਤੋਂ ਬਾਰਿਸ਼ ਪੈਣ 'ਤੇ ਕਰੋ। ਬੀਜਣ ਤੋਂ ਪਹਿਲਾਂ ਖੇਤ ਨੂੰ ਪਾਣੀ ਦਿਉ। ਵਧੀਆ ਝਾੜ ਲੈਣ ਲਈ ਮੋਟਾ ਬੀਜ ਵਰਤੋ। 38 ਕਿਲੋ ਗਿਰੀਆਂ ਐਮ-522, ਐਸ. ਜੀ.-99 ਲਈ 40 ਕਿਲੋ ਪ੍ਰਤੀ ਏਕੜ ਅਤੇ ਜੇ-87 ਲਈ 48 ਕਿਲੋ ਗਿਰੀਆਂ ਪ੍ਰਤੀ ਏਕੜ ਵਰਤੋ। ਬਿਜਾਈ ਸਮੇਂ 50 ਕਿਲੋ ਸਿੰਗਲ ਸੁਪਰਫਾਸਫੇਟ, 50 ਕਿਲੋ ਜਿਪਸਮ ਅਤੇ 13 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ।

**ਦਾਲਾਂ** : ਪੰਜਾਬ ਵਿੱਚ ਮਾਂਹ ਦੀ ਬਿਜਾਈ 6-8 ਕਿਲੋ ਬੀਜ ਪ੍ਰਤੀ ਏਕੜ ਵਰਤ ਕੇ ਜੂਨ ਦੇ ਅਖੀਰਲੇ ਹਫਤੇ ਖਾਸ ਕਰਕੇ ਪਾਣੀ ਲੱਗ ਨੀਮ ਪਹਾੜੀ ਇਲਾਕਿਆਂ ਨੂੰ ਛੱਡ ਕੇ ਕਰਨੀ ਚਾਹੀਦੀ ਹੈ। ਬਾਰਾਨੀ ਇਲਾਕਿਆਂ ਵਿੱਚ ਮਾਂਹ ਦੀ ਬਿਜਾਈ ਮੌਨਸੂਨ ਸ਼ੁਰੂ ਹੋਣ 'ਤੇ ਕਰਨੀ ਚਾਹੀਦੀ ਹੈ ਅਤੇ ਮਾਂਹ ਨੂੰ 11 ਕਿਲੋ ਯੂਰੀਆ, 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ।

**ਹਰੇ ਚਾਰੇ** : ਬੀਜ ਲਈ ਬਰਸੀਮ ਦੀ ਫ਼ਸਲ ਨੂੰ ਕੱਟ ਕੇ ਸੁਕਾ ਲਵੋ ਅਤੇ ਛੱਟ ਕੇ ਬਾਰਿਸ਼ਾਂ ਤੋਂ ਪਹਿਲਾਂ ਸੰਭਾਲ ਲਵੋ। ਚਾਰੇ ਦੀ ਫ਼ਸਲ ਨੂੰ ਪਾਣੀ ਦਿੰਦੇ ਰਹੋ ਅਤੇ ਸੋਕਾ ਨਾ ਲੱਗਣ ਦੇਵੋ। ਸਾਰਾ ਸਾਲ ਹਰਾ ਚਾਰਾ ਪੈਦਾ ਕਰਨ ਲਈ ਚਾਰੇ ਵਾਲੀਆਂ ਫ਼ਸਲਾਂ ਦੀ ਸਮੇਂ ਸਿਰ ਬਿਜਾਈ ਕਰਦੇ ਰਹੋ।

**ਸਬਜ਼ੀਆਂ** : ਇਹ ਸਮਾਂ ਵੇਲਾਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਹਲਵਾ ਕੱਦੂ, ਘੀਆ ਕੱਦੂ, ਕਰੇਲਾ, ਕਾਲੀ ਤੋਰੀ, ਪੇਠਾ, ਟੀਂਡਾ ਅਤੇ ਵੰਗੇ ਦੀ ਬਿਜਾਈ



ਲਈ ਢੁੱਕਵਾਂ ਹੈ। ਬਰਸਾਤੀ ਮੌਸਮ ਵਿੱਚ ਬਿਜਾਈ ਲਈ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਚੋਣ ਕਰੋ। ਇਸ ਤੋਂ ਇਲਾਵਾ ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲਿਮਾ ਅਤੇ ਲੋਬੀਆ ਦੀ ਕਾਉਪੀਅ-263 ਕਿਸਮਾਂ ਦੀ ਬਿਜਾਈ ਲਈ ਸਹੀ ਸਮਾਂ ਹੈ। ਲੋੜ ਅਨੁਸਾਰ ਸਿੰਚਾਈ 4-5 ਦਿਨਾਂ ਦੇ ਵਕਫੇ 'ਤੇ ਕਰਦੇ ਰਹੋ। ਟਮਾਟਰ ਦੀ ਫਸਲ ਨੂੰ ਅਗੇਤੇ ਝੁਲਸ ਰੋਗ ਤੋਂ ਬਚਾਉਣ ਲਈ 200 ਲੀਟਰ ਪਾਣੀ ਵਿਚ ਇੰਡੋਫਿਲ ਐਮ-45 ਅਤੇ 600 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਭਿੰਡੀ ਦੀਆਂ ਪੰਜਾਬ ਸੁਹਾਵਣੀ ਜਾਂ ਪੰਜਾਬ ਲਾਲਿਮਾ ਕਿਸਮਾਂ ਬੀਜਣੀਆਂ ਸ਼ੁਰੂ ਕਰ ਦਿਉ, ਕਿਉਂਕਿ ਇਹ ਕਿਸਮਾਂ ਪੀਲੇ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀਆਂ ਹਨ। 15-20 ਟਨ ਗਲੀ-ਸੜੀ ਰੂੜੀ ਤੋਂ ਇਲਾਵਾ 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਭਿੰਡੀ ਦੀ ਫ਼ਸਲ 'ਤੇ ਜੇਕਰ ਜੈਸਿਡ (ਤੇਲੇ) ਦੀ ਗਿਣਤੀ ਪ੍ਰਤੀ ਪੱਤੇ 'ਤੇ 4 ਬੱਚੇ ਹੋ ਜਾਵੇ ਤਾਂ ਇਸ ਦੀ ਰੋਕਥਾਮ ਲਈ 80 ਮਿਲੀਲੀਟਰ ਇਕੋਟਿਨ 5% (ਨਿੰਮ ਆਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲੀਟਰ ਪੀ. ਏ. ਯੂ. ਨਿੰਮ ਦਾ ਘੋਲ ਜਾਂ 40 ਮਿਲੀਲੀਟਰ ਕੌਨਫੀਡੋਰ 17.8 ਐਸ. ਐਲ. (ਇਮੀਡਾਕਲੋਪਰਿਡ) ਜਾਂ 40 ਗ੍ਰਾਮ ਐਕਟਾਰਾ 25 ਡਬਲਯੂ. ਜੀ. (ਥਾਇਆਮੈਥੋਕਸਮ) ਜਾਂ 560 ਮਿਲੀਲੀਟਰ ਮੈਲਾਥੀਆਨ 50 ਈ. ਸੀ. ਜਾਂ 100 ਮਿਲੀਲੀਟਰ ਸੁਮੀਸੀਡੀਨ 20 ਈ. ਸੀ. (ਫੈਨਵੈਲਰੇਟ) ਨੂੰ 100-125 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫਲ ਤੋੜ ਲਉ। ਕੌਨਫੀਡੋਰ ਜਾਂ ਐਕਟਾਰਾ ਦੇ ਛਿੜਕਾਅ ਤੋਂ ਇੱਕ ਦਿਨ ਤੱਕ ਫਲ ਨਾ ਤੋੜੋ। ਮਿਰਚ ਵਿੱਚ ਫਲ ਦਾ ਗੜੂੰਏਂ ਦੀ ਰੋਕਥਾਮ ਲਈ 50 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਜਾਂ 50 ਮਿਲੀਲੀਟਰ ਟਰੇਸਰ 45 ਐਸ. ਸੀ. (ਸਪਾਈਨੋਸੈਡ) ਜਾਂ 250 ਮਿਲੀਲੀਟਰ ਰੀਜੈਂਟ 5 ਐਸ. ਸੀ. (ਫਿਪਰੋਨਿਲ) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਛਿੜਕਾਅ ਕਰਨ ਤੋਂ ਪਹਿਲਾਂ ਤਿਆਰ/ਪੱਕੇ ਫਲ ਤੋੜ ਲਉ ਅਤੇ ਕਾਣੇ ਫਲ ਤੋੜ ਕੇ ਜ਼ਮੀਨ ਵਿੱਚ ਦਬਾ ਦਿਉ।

**ਬਾਗਬਾਨੀ** : ਫਲਦਾਰ ਬੂਟਿਆਂ ਖਾਸ ਕਰਕੇ ਅੰਬ, ਲੀਚੀ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਜਿਹਨਾਂ ਉੱਪਰ ਇਸ ਸਮੇਂ ਫਲ ਲੱਗਿਆ ਹੋਇਆ ਹੈ, ਉਹਨਾਂ ਵਿੱਚ ਲਗਾਤਾਰ ਸਿੱਲ੍ਹ ਬਣਾਈ ਰੱਖੋ ਅਤੇ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ। ਬੂਟਿਆਂ ਦੇ ਮੁੱਢਾਂ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ। ਛੋਟੇ ਫਲਦਾਰ ਬੂਟਿਆਂ ਨੂੰ ਤੇਜ਼ ਗਰਮੀ ਤੋਂ ਬਚਾਉਣ ਲਈ ਪਰਾਲੀ ਜਾਂ ਖਜੂਰ ਦੇ ਪੱਤਿਆਂ ਨਾਲ ਛੌਰਾ ਬਣਾਈ ਰੱਖੋ। ਅਮਰੂਦਾਂ ਦੇ ਬਾਗਾਂ ਵਿੱਚ ਨਦੀਨਾਂ ਨੂੰ ਕਾਬੂ ਹੇਠ ਰੱਖਣ ਅਤੇ ਪਾਣੀ ਦੀ ਬੱਚਤ ਲਈ ਝੋਨੇ ਦੀ ਪਰਾਲੀ ਨਾਲ ਮਲਚਿੰਗ ਕੀਤੀ ਜਾ ਸਕਦੀ ਹੈ। ਮਲਚਿੰਗ ਕਰਨ ਤੋਂ ਪਹਿਲਾਂ ਬੂਟਿਆਂ ਨੂੰ ਰਸਾਇਣਿਕ ਖਾਦਾਂ ਦੀ ਪਹਿਲੀ ਕਿਸ਼ਤ ਪਾ ਦਿਉ। ਬੇਰ ਅਤੇ ਅਮਰੂਦ ਦੇ ਬਾਗ ਨੂੰ ਛੱਡ ਕੇ ਇਸ ਮਹੀਨੇ ਬਾਗਾਂ ਦੀ ਵਹਾਈ ਤੋਂ ਪਰਹੇਜ਼ ਕਰੋ। ਨਦੀਨਾਂ ਦੀ ਰੋਕਥਾਮ ਲਈ ਸਰਵਪੱਖੀ ਉਪਰਾਲੇ ਅਪਣਾਉ।

**ਪਸ਼ੂ ਪਾਲਣ** : ਵਧੇਰੇ ਦੁੱਧ ਲੈਣ ਲਈ ਖੁਰਾਕ ਵਿੱਚ ਊਰਜਾ ਦੀ ਲੋੜ ਹੁੰਦੀ ਹੈ। ਪੱਠਿਆਂ ਤੋਂ ਇਲਾਵਾ ਖੁਰਾਕ ਵਿੱਚ ਅਨਾਜ ਦਾ ਉਪਯੋਗ ਵੀ ਕਈ ਵਾਰ ਵੱਧ ਜਾਂਦਾ ਹੈ। ਪਰ ਜਦੋਂ ਵੀ ਵੰਡ ਵਿੱਚ ਅਨਾਜ 25-30 ਫੀਸਦੀ ਤੋਂ ਵੱਧ ਦਿੱਤਾ ਜਾਂਦਾ ਹੈ ਤਾਂ ਇਸ ਵਿਚਲੇ ਮੈਦੇ ਕਾਰਨ ਰਿਊਮਨ ਦੀ ਪੀ. ਐਚ. ਘੱਟਦੀ ਹੈ ਅਤੇ ਜੇ ਇਹ 5.0 ਤੋਂ ਥੱਲੇ ਹੋ ਜਾਵੇ ਤਾਂ ਪਸ਼ੂ ਤੇਜ਼ਾਬੀਪਨ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਫੈਟ ਘੱਟ ਜਾਂਦੀ ਹੈ। ਸੋ ਵੰਡ ਵਿੱਚ ਬਫਰ ਤੇ ਯੀਸਟ ਦਾ ਇਸਤੇਮਾਲ ਵੀ ਜ਼ਰੂਰੀ ਹੈ। ਕੁਝ ਪਦਾਰਥ ਜਿਹੜੇ ਲੈਕਟਿਕ ਐਸਿਡ ਨੂੰ ਘਟਾਉਂਦੇ ਹਨ, ਉਨ੍ਹਾਂ ਦੀ ਵਰਤੋਂ ਵੀ ਹੋਣੀ ਚਾਹੀਦੀ ਹੈ। ਵੰਡ ਨੂੰ ਜੇ ਭਾਫ ਪ੍ਰਣਾਲੀ ਨਾਲ ਤਿਆਰ ਗੋਲੀਆਂ ਦੇ ਰੂਪ ਵਿੱਚ ਵਰਤੀਏ ਤਾਂ ਵੀ ਫੈਟ/ਗਰੈਵਿਟੀ ਵੱਧ ਸਕਦੀ ਹੈ, ਕਿਉਂਕਿ ਭਾਫ ਕਾਰਨ ਅਨਾਜ ਵਿਚਲੇ ਮੈਦੇ ਦੀ ਪਾਚਣ ਸ਼ਕਤੀ ਵੱਧ ਜਾਂਦੀ ਹੈ।

RNI/PUNPUN00806 (42269/83)
Postage Regdistered No . PB/PTA/0338/2025-2027

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com



# ਢੁੱਕਵੇਂ ਸਮੇਂ 'ਤੇ ਹੀ ਬੂਟੇ ਲਗਾਓ ਅਤੇ ਵਾਤਾਵਰਨ ਨੂੰ ਬਚਾਓ



**ਡਾ. ਸਵਰਨ ਸਿੰਘ ਮਾਨ,**
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ, ਪਟਿਆਲਾ ।
ਮੋ : 75080-18903

ਹਰ ਇੱਕ ਵਿਅਕਤੀ ਨੂੰ ਬੂਟੇ ਲਗਾ ਕੇ ਵਾਤਾਵਰਨ ਨੂੰ ਬਚਾਉਣਾ ਚਾਹੀਦਾ ਹੈ । ਇਸ ਸਮੇਂ ਪੰਜਾਬ ਦਾ ਤਾਪਮਾਨ $42^0C$ ਤੋਂ $46^0C$ ਤੱਕ ਪਹੁੰਚ ਚੁੱਕਾ ਹੈ। ਕਈ ਵਿਅਕਤੀ ਮਈ-ਜੂਨ ਮਹੀਨੇ ਵਿੱਚ ਬੂਟੇ ਲਗਾਉਂਦੇ ਹਨ, ਪਰ ਇਸ ਸਮੇਂ ਬੂਟੇ ਨਹੀਂ ਲਗਾਉਣੇ ਚਾਹੀਦੇ । ਜਦੋਂ ਕਿ ਇਨ੍ਹਾਂ ਮਹੀਨਿਆਂ ਵਿੱਚ ਪਹਿਲਾਂ ਹੀ ਲੱਗੇ ਬੂਟੇ ਗਰਮੀ ਨਾਲ ਮਰ ਰਹੇ ਹਨ, ਕਿਉਂਕਿ ਇਨ੍ਹਾਂ ਦਿਨਾਂ ਵਿੱਚ ਜ਼ਮੀਨ ਅਤੇ ਬੂਟਿਆਂ ਤੋਂ ਪਾਣੀ ਦਾ ਵਾਸ਼ਪੀਕਰਨ ਬਹੁਤ ਜ਼ਿਆਦਾ ਹੁੰਦਾ ਹੈ। ਇਸ ਸਮੇਂ ਨਵੇਂ ਲਗਾਏ ਬੂਟਿਆਂ ਦੀਆਂ ਜੜ੍ਹਾਂ ਵੱਧ-ਫੁੱਲ ਨਹੀਂ ਸਕਣਗੀਆਂ, ਜਿਨ੍ਹਾਂ ਨੇ ਪਾਣੀ ਜਜ਼ਬ ਕਰਨਾ ਹੁੰਦਾ ਹੈ । ਨਤੀਜੇ ਵਜੋਂ ਬੂਟੇ ਜਲਦੀ ਸੁੱਕ ਜਾਂਦੇ ਹਨ । ਬੂਟੇ ਲਗਾਉਣ ਦਾ ਢੁੱਕਵਾਂ ਸਮਾਂ 15 ਜੁਲਾਈ ਤੋਂ 15 ਸਤੰਬਰ ਤੱਕ ਦਾ ਹੁੰਦਾ ਹੈ, ਜਦੋਂ ਮੌਨਸੂਨ ਹਵਾਵਾਂ ਰਾਹੀਂ ਬਾਰਿਸ਼ ਹੁੰਦੀ ਰਹਿੰਦੀ ਹੈ। ਬਰਸਾਤਾਂ ਦੇ ਮੌਸਮ ਵਿਚ ਬੂਟੇ ਜਲਦੀ ਵਿਸਥਾਰ ਕਰਦੇ ਹਨ। ਬੂਟੇ ਲਗਾਉਣ ਲਈ ਬੂਟੇ ਦੇ ਵਿਸਥਾਰ ਅਨੁਸਾਰ ਲਗਾਏ ਜਾਣੇ ਚਾਹੀਦੇ ਹਨ। ਜੇਕਰ ਬੂਟੇ ਦਾ ਵਿਸਥਾਰ ਘੱਟ ਹੋਣਾ ਹੋਵੇ ਤਾਂ 10-15 ਫੁੱਟ ਦੇ ਫਾਸਲੇ 'ਤੇ ਲਾਉਣੇ ਚਾਹੀਦੇ ਹਨ ਅਤੇ ਜੇਕਰ ਬੂਟੇ ਦਾ ਵਿਸਥਾਰ ਜ਼ਿਆਦਾ ਹੋਣਾ ਹੋਵੇ ਤਾਂ 25-30 ਫੁੱਟ ਫਾਸਲੇ 'ਤੇ ਲਾਉਣੇ ਚਾਹੀਦੇ ਹਨ। ਬੂਟੇ ਲਗਾਉਣ ਤੋਂ 10-15 ਦਿਨ ਪਹਿਲਾਂ 1.5 ਫੁੱਟ ਤੋਂ 2 ਫੁੱਟ ਦਾ ਡੂੰਘਾ ਟੋਇਆ ਪੁੱਟਣਾ ਚਾਹੀਦਾ ਹੈ। ਫਿਰ ਉਸ ਵਿਚ ਅੱਧੀ ਉੱਪਰਲੀ ਮਿੱਟੀ ਅਤੇ ਅੱਧੀ ਗਲੀ-ਸੜੀ ਰੂੜੀ ਦੀ ਖਾਦ ਮਿਕਸ ਕਰਕੇ ਪਾਉਣੀ ਚਾਹੀਦੀ ਹੈ। ਜੇਕਰ ਹੋ ਸਕੇ ਤਾਂ ਬੂਟੇ ਲਾਉਣ ਤੋਂ ਪਹਿਲਾਂ ਟੋਇਆਂ ਨੂੰ ਪਾਣੀ ਦੇ ਦੇਣਾ ਚਾਹੀਦਾ ਹੈ। ਇਸ ਨਾਲ ਰੂੜੀ ਦੀ ਗਰਮਾਇਸ਼ ਖਤਮ ਹੋ ਜਾਵੇਗੀ ਅਤੇ ਟੋਇਆਂ ਦੀ ਮਿੱਟੀ ਹੇਠਾਂ ਬੈਠ ਜਾਵੇਗੀ। ਇਹ ਕੰਮ ਜੁਲਾਈ ਦੇ ਪਹਿਲੇ ਪੰਦਰਵਾੜੇ ਦੌਰਾਨ ਕਰ ਲੈਣਾ ਚਾਹੀਦਾ ਹੈ। ਫਿਰ ਬੂਟੇ ਲਗਾਉਣ ਉਪਰੰਤ 20 ਮਿ. ਲਿ. ਕਲੋਰੋਪਾਈਰੀਫਾਸ 20 ਈ. ਸੀ. ਦਵਾਈ 10 ਲਿਟਰ ਪਾਣੀ ਵਿਚ ਘੋਲ ਕੇ ਸਿਉਂਕ ਤੋਂ ਬਚਾਅ ਲਈ ਪਾ ਦੇਣੀ ਚਾਹੀਦੀ ਹੈ। ਜੇਕਰ ਬੂਟਾ ਟੇਡਾ ਹੈ ਤਾਂ ਉਸ ਨੂੰ ਸੋਟੀ ਦਾ ਸਹਾਰਾ ਦਿਓ। ਜੇਕਰ ਬੂਟੇ ਸੜਕਾਂ ਦੇ ਆਲੇ-ਦੁਆਲੇ ਜਾਂ ਕਲੋਨੀਆਂ ਵਿਚ ਲਗਾਉਣੇ ਹਨ ਤਾਂ ਉਨ੍ਹਾਂ ਨੂੰ ਡੰਗਰਾਂ ਤੋਂ ਬਚਾਅ ਲਈ ਟਰੀ ਗਾਰਡ ਜ਼ਰੂਰ ਲਾਉਣੇ ਚਾਹੀਦੇ ਹਨ। ਨਹੀਂ ਤਾਂ ਜਲਦੀ ਹੀ ਡੰਗਰ ਇਨ੍ਹਾਂ ਬੂਟਿਆਂ ਨੂੰ ਖਾ ਜਾਣਗੇ ।

ਇਨ੍ਹਾਂ ਨਵੇਂ ਲਗਾਏ ਬੂਟਿਆਂ ਦੀ ਦੇਖਭਾਲ ਬਹੁਤ ਜਰੂਰੀ ਹੈ। ਬੂਟਿਆਂ ਨੂੰ ਹਫਤੇ ਵਿਚ 2 ਵਾਰ ਪਾਣੀ ਲਗਾਉਣਾ ਜਰੂਰੀ ਹੈ। ਕਈ ਵਾਰ ਬੂਟਿਆਂ ਉੱਤੇ ਵੇਲਾਂ ਚੜ੍ਹ ਜਾਂਦੀਆਂ ਹਨ ਅਤੇ ਬੂਟਿਆਂ ਦੀਆਂ ਜੜ੍ਹਾਂ ਵਿਚ ਬਹੁਤ ਜ਼ਿਆਦਾ ਨਦੀਨ ਹੋ ਜਾਂਦੇ ਹਨ। ਇਸ ਲਈ ਘੱਟ ਘੱਟ ਹਰੇਕ ਮਹੀਨੇ ਬੂਟਿਆਂ ਦੀ ਗੋਡੀ ਕਰਦੇ ਰਹਿਣਾ ਚਾਹੀਦਾ ਹੈ। ਤਕਰੀਬਨ 6 ਮਹੀਨੇ ਬਾਅਦ ਬੂਟਿਆਂ ਨੂੰ ਦੁਬਾਰਾ ਸਿਉਂਕ ਤੋਂ ਬਚਾਅ ਲਈ ਦਵਾਈ ਪਾ ਦੇਣੀ ਚਾਹੀਦੀ ਹੈ। ਮੈਂ ਅਨੁਭਵ ਕੀਤਾ ਹੈ ਕਿ ਕਈ ਵਿਅਕਤੀ ਫੋਟੋਆਂ ਤੱਕ ਹੀ ਸੀਮਤ ਰਹਿ ਜਾਂਦੇ ਹਨ। ਜੇਕਰ ਵਾਕਿਆ ਹੀ ਅਸੀਂ ਵਾਤਾਵਰਨ ਨੂੰ ਬਚਾਉਣਾ ਹੈ ਤਾਂ ਸਾਨੂੰ ਦ੍ਰਿੜਤਾ ਨਾਲ ਇਹ ਕੰਮ ਨੇਪਰੇ ਚਾੜਨਾ ਚਾਹੀਦਾ ਹੈ ।

ਜੇਕਰ ਸਾਂਝੀ ਖੁੱਲ੍ਹੀ ਥਾਂ ਉਪਲਬਧ ਹੈ ਤਾਂ ਉੱਥੇ ਪਿੱਪਲ ਅਤੇ ਨਿੰਮ ਦੇ ਬੂਟੇ ਲਗਾਉਣੇ ਚਾਹੀਦੇ ਹਨ। ਇਹ ਬੂਟੇ ਦਿਨ ਰਾਤ ਵਾਤਾਵਰਨ ਵਿਚ ਆਕਸੀਜਨ ਸਪਲਾਈ ਕਰਦੇ ਹਨ । ਅੱਜਕੱਲ ਦੇ ਸਮੇਂ ਵਿੱਚ ਰਵਾਇਤੀ ਦਰੱਖਤ ਖਤਮ ਹੋ ਰਹੇ ਹਨ । ਸੋ ਇਨ੍ਹਾਂ ਨੂੰ ਦੋਬਾਰਾ ਲਗਾਉਣ ਲਈ ਪਹਿਲ ਕਰਨੀ ਚਾਹੀਦੀ ਹੈ। ਰਵਾਇਤੀ ਦਰੱਖਤਾਂ ਦੇ ਨਾਂ ਜਿਵੇਂ ਪਿਲਕਣ, ਗੂਲਰ, ਬੋਹੜ, ਬਹੇੜਾ, ਮਹੂਆ, ਕਿੱਕਰ ਦੇਸੀ, ਸ਼ਰੀਹ, ਢੱਕ, ਜੰਡ, ਇਮਲੀ, ਟਾਹਲੀ, ਖੈਰ, ਰੇਰੂ, ਫਾਲਸਾ, ਫਲਾਹੀ, ਸ਼ਹਿਤੂਤ, ਮੌਲਸਰੀ, ਕਟਹਲ, ਸਿੰਬਲ, ਕਰੌਂਦਾ, ਕਚਨਾਰ, ਪੁਤਰਨ ਜੀਵਾ, ਬਿਲ, ਸੀਤਾ, ਅਸ਼ੋਕ, ਲਸੂੜਾ, ਹਰੜ, ਢੇਹੂ, ਸੰਭਾਲੂ, ਬਾਂਸ, ਅੰਜੀਰ, ਮਲੇ ਬੇਰ, ਵਣ, ਰਹੂੜਾ, ਕਰੀਰ, ਖਿਰਨੀ, ਤੇਂਦੂ, ਜਾਮਣ, ਦੇਸੀ ਅੰਬ ਅਤੇ ਚਮਰੋੜ ਆਦਿ ।

ਖੁਸ਼ਬੂਦਾਰ ਝਾੜੀਆਂ ਲਈ ਹਾਰ-ਸ਼ਿੰਗਾਰ, ਰਾਤ ਦੀ ਰਾਣੀ, ਦਿਨ ਦਾ ਰਾਜਾ, ਮੋਤੀਆ, ਗਾਰਡੀਨੀਆ, ਚਿਲਟਾ, ਮਰਈਆ ਲਗਾਓ ਅਤੇ ਖੁਸ਼ਬੂਦਾਰ ਦਰੱਖਤਾਂ ਲਈ ਕਣਕ ਚੰਪਾ, ਪਰੀ ਚੰਪਾ ਅਤੇ ਬੜਾ ਚੰਪਾ ਲਗਾਓ ।

ਜੇਕਰ ਤੁਸੀਂ ਫੁੱਲਾਂ ਵਾਲੇ ਦਰੱਖਤ ਲਗਾਉਣੇ ਹਨ ਤਾਂ ਗੁਲਾਚੀਨ, ਬੋਤਲ ਬਰੱਸ਼, ਕੇਸੀਆ ਜਾਵਾਨੀਕਾ, ਪਿੰਕ ਕੇਸੀਆ, ਮੈਕਸੀਕਾਨ ਸਿਲਕ ਕਾਟਨ ਟਰੀ, ਗੁਲਮੋਹਰ, ਅਰਾਈਥਰੀਨਾ, ਨੀਲੀ ਗੁਲਮੋਹਰ ਆਦਿ ਲਗਾ ਸਕਦੇ ਹੋ ।

ਜੇਕਰ ਤੁਸੀਂ ਫੁੱਲਾਂ ਵਾਲੀਆਂ ਝਾੜੀਆਂ ਲਗਾਉਣੀਆਂ ਹਨ ਤਾਂ ਤੁਸੀਂ ਕਲੀਐਂਡਰਾ, ਯੂਫੋਰਬੀਆ, ਹਮੇਲੀਆ, ਜੈਟਰੋਫਾ, ਲਿਨਟਾਨਾ, ਰੁਸੇਲੀਆ, ਕੇਸੀਆ ਗਲੂਕਾ ਸਿੰਗਲ ਚਾਂਦਨੀ, ਡਬਲ ਚਾਂਦਨੀ, ਡਵਾਰਫ ਚਾਂਦਨੀ, ਵੈਰੀਗੇਟਿਡ ਚਾਂਦਨੀ, ਟੀਕੋਮਾ ਸਪੇਨ, ਪੀਲੀ ਕਨੇਰ, ਡਬੋਆ, ਰੁਕਮੰਜਨੀ, ਮੁਸੰਡਾ, ਪੋਆਇਨਸਿਟੀਆ, ਗੁਲਮੋਹਰੀ, ਮਰੋਣੀਆ, ਹਾਰ-ਸ਼ਿੰਗਾਰ, ਮਰਈਆ ਆਦਿ ਲਗਾ ਸਕਦੇ ਹੋ ।

ਉੱਕਤ ਬੂਟੇ ਪੀ. ਏ. ਯੂ. ਲੁਧਿਆਣਾ ਬਾਗਬਾਨੀ ਵਿਭਾਗ ਪੰਜਾਬ ਜੰਗਲਾਤ ਵਿਭਾਗ ਦੀਆਂ ਨਰਸਰੀਆਂ ਤੋਂ ਬਹੁਤ ਹੀ ਵਾਜਬ ਰੇਟਾਂ 'ਤੇ ਪ੍ਰਾਪਤ ਕੀਤੇ ਜਾ ਸਕਦੇ ਹਨ । ਉੱਕਤ ਬੂਟੇ ਲਈ ਪ੍ਰਾਈਵੇਟ ਸੰਸਥਾਵਾਂ ਵੀ ਮੁਫਤ ਸਪਲਾਈ ਕਰਦੀਆਂ ਹਨ, ਜਿਸ ਵਿਚ ਰਾਊਂਡ ਗਲਾਸ ਫਾਊਂਡੇਸ਼ਨ, ਪਟਿਆਲਾ ਅਤੇ ਈਕੋ ਸਿੱਖ ਸੰਸਥਾਵਾਂ ਹਨ ।

ਬੂਟੇ ਲਗਾਉਣ ਸਮੇਂ ਬਹੁਤ ਹੀ ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਉਕਤ ਬੂਟੇ ਬਾਅਦ ਦੁਪਹਿਰ ਹੀ ਲਗਾਉਣੇ ਚਾਹੀਦੇ ਹਨ ਜਾਂ ਮੀਂਹ ਪੈਣ ਸਮੇਂ ਲਗਾਏ ਜਾ ਸਕਦੇ ਹਨ। ਇਸ ਨਾਲ ਬੂਟਿਆਂ ਦੀ ਸਕਸੈਸ ਰੇਟ ਬਹੁਤ ਜ਼ਿਆਦਾ ਹੋਵੇਗੀ। ਇਸ ਤੋਂ ਇਲਾਵਾ ਜਦੋਂ ਬੂਟਾ ਵੱਡਾ ਹੋ ਜਾਂਦਾ ਹੈ ਤਾਂ 1.5 ਫੁੱਟ ਤੋਂ 2 ਫੁੱਟ ਤੱਕ ਕੋਈ ਵੀ ਟਾਹਣੀ ਨਾ ਫੁਟਣ ਦਿਓ ।

ਜੇਕਰ ਪੰਜਾਬ ਸਰਕਾਰ ਇਹ ਜ਼ਰੂਰੀ ਕਰ ਦੇਵੇ ਕਿ ਸ਼ਹਿਰਾਂ ਵਿਚ ਘਰ ਦਾ ਨਕਸ਼ਾ ਪਾਸ ਕਰਨ ਸਮੇਂ ਸ਼ਰਤ ਲਗਾ ਦੇਵੇ ਕਿ ਕੋਈ ਇੱਕ ਬੂਟਾ ਘਰ ਵਿੱਚ ਲਗਾਇਆ ਜਾਵੇ ਅਤੇ ਇਸੇ ਤਰ੍ਹਾਂ ਪਿੰਡਾਂ ਦੀਆਂ ਬਿਜਲੀ ਮੋਟਰਾਂ/ਟਿਊਬਵੈੱਲਾਂ ਤੇ ਘੱਟ ਘੱਟ 4-5 ਦਰੱਖਤ ਲਗਾਏ ਜਾਣ। ਇਸ ਤਰ੍ਹਾਂ ਪੰਜਾਬ ਦੇ ਵਾਤਾਵਰਣ ਨੂੰ ਹਰਾ-ਭਰਾ ਕਰਨ ਲਈ ਬਹੁਤ ਮਦਦ ਮਿਲੇਗੀ । ਇਸ ਨਾਲ ਜਿੱਥੇ ਸਾਡੇ ਲਈ ਫੁੱਲ/ਫਲ ਵੀ ਪ੍ਰਾਪਤ ਹੋਣਗੇ, ਉੱਥੇ ਪੰਛੀਆਂ ਨੂੰ ਆਲ੍ਹਣੇ ਪਾਉਣ ਲਈ ਜਗ੍ਹਾਂ ਵੀ ਮਿਲੇਗੀ ਅਤੇ ਪੰਛੀਆਂ ਨੂੰ ਖਾਣ ਲਈ ਫਲ ਵੀ ਮਿਲੇਗਾ। ਪੰਜਾਬ ਦਾ ਵਾਤਾਵਰਨ ਗਰਮ ਹੋਣ ਦਾ ਮੁੱਖ ਕਾਰਨ ਸੜਕਾਂ ਦੇ ਆਲੇ-ਦੁਆਲੇ ਦਰੱਖਤਾਂ ਦਾ ਕੱਟੇ ਜਾਣਾ ਹੈ, ਘਰੇਲੂ ਏ. ਸੀ. ਅਤੇ ਏ. ਸੀ. ਗੱਡੀਆਂ ਦੀ ਮਿਕਦਾਰ ਵਿੱਚ ਵਾਧਾ ਹੋਣਾ ਹੈ । ਪੰਜਾਬ ਸਰਕਾਰ ਨੂੰ ਵੀ ਸਾਂਝੀਆਂ ਥਾਂਵਾਂ/ਸ਼ਾਮਲਾਟਾਂ ਅਤੇ ਸੜਕਾਂ /ਨਹਿਰਾਂ/ਰੇਲਵੇ ਲਾਈਨਾਂ ਦੇ ਆਲੇ-ਦੁਆਲੇ ਬੂਟੇ ਲਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ । ਉਕਤ ਬੂਟਿਆਂ ਦੀ ਦੇਖਭਾਲ ਲਈ ਨਰੇਗਾ ਵਰਕਰਾਂ ਤੋਂ ਕੰਮ ਲਿਆ ਜਾ ਸਕਦਾ ਹੈ। ਬਰਸਾਤ ਦੇ ਦਿਨਾਂ ਵਿੱਚ ਬੂਟੇ ਲਗਾਉਣ ਵਾਲੀ ਜਗ੍ਹਾਂ 'ਤੇ ਟੋਏ ਪੁੱਟ ਕੇ ਸਿੱਧੇ ਤੌਰ 'ਤੇ ਅੰਬਾਂ ਦੀਆਂ ਗੁੱਠਲੀਆਂ, ਜਾਮਣਾਂ ਅਤੇ ਲੀਚੀ ਦੀਆਂ ਗਿੱਟਕਾਂ, ਕਟਹਲ, ਬਿੱਲ, ਲੁਕਾਠ ਅਤੇ ਫਾਲਸੇ ਦਾ ਬੀਜ ਆਦਿ ਬੀਜਿਆ ਜਾ ਸਕਦਾ ਹੈ। ਹਰੇਕ ਟੋਏ ਵਿੱਚ 2-3 ਬੀਜ ਬੀਜ ਦੇਣੇ ਚਾਹੀਦੇ ਹਨ । ਟੋਏ ਦੀ ਮਿੱਟੀ ਦਾ ਲੈਵਲ ਜ਼ਮੀਨ ਦੇ ਲੈਵਲ ਨਾਲੋਂ 3-4 ਇੰਚ ਨੀਵਾਂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਕੋਈ ਖਾਸ ਖਰਚਾ ਨਹੀਂ ਹੋਵੇਗਾ । ਇਸ ਨਾਲ 50-60 ਪ੍ਰਤੀਸ਼ਤ ਕਾਮਯਾਬੀ ਮਿਲ ਸਕਦੀ ਹੈ ।

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਜ਼ਿਲ੍ਹੇ ਦੇ ਕੇ. ਵੀ. ਕੇ. ਜਾਂ ਪੰਜਾਬ ਜੰਗਲਾਤ ਵਿਭਾਗ ਦੇ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ । ਅੰਤ ਵਿਚ ਫਿਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬੂਟੇ ਲਗਾਉਣ ਤੋਂ ਵੱਧ ਉਨ੍ਹਾਂ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ ।